# ਅੰਮ੍ਰਿਤ ਕੀਰਤਨ

ਅੰਕ 8 ਸਾਲ ਛੇਵਾਂ ਅਗਸਤ, 1994



ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ, 422 ਸੈਕਟਰ 15-ਏ, ਚੰਡੀਗੜ੍ਹ ਫੋਨ : 24660

# ਅੰਮ੍ਰਿਤ ਕੀਰਤਨ

ਅੰਕ 8 ਸਾਲ ਛੇਵਾਂ ਅਗਸਤ, 1994

**ਸੰਪਾਦਕ (ਆਨਰੇਰੀ)**
ਡਾ. ਜਾਗੀਰ ਸਿੰਘ
**ਸਹਿਯੋਗੀ**
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਸ੍ਰ. ਹਰਿਭਜਨ ਸਿੰਘ ਚੋਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ
**ਚਿੱਤਰਕਾਰ**
ਗੁਰਦੀਪ ਸਿੰਘ ਦੀਪ

**ਚਿੱਠੀ ਪੱਤਰ ਲਈ ਪਤਾ :**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ,
ਚੰਡੀਗੜ੍ਹ-160 015
ਫੋਨ : 24660

**ਚੰਦੇ ਦਾ ਵੇਰਵਾ**
ਇਕ ਕਾਪੀ 10 ਰੁਪਏ
ਦੇਸ਼ ਸਲਾਨਾ 100 ਰੁਪਏ
ਜੀਵਨ ਮੈਂਬਰ 1000 ਰੁਪਏ
ਵਿਦੇਸ਼ ਸਲਾਨਾ 1000 ਰੁਪਏ
ਜੀਵਨ ਮੈਂਬਰ 10000 ਰੁਪਏ

1] ਸ਼੍ਰੋਮਣੀ ਸੰਗੀਤ ਨਿਰਦੇਸ਼ਕ ਐਸ. ਮਹਿੰਦਰ ਸਿੰਘ 1
—ਹਰਜਾਪ ਸਿੰਘ

2] ਸਾਡੇ ਕੀਰਤਨੀਏ ਭਾਈ ਅਮਰੀਕ ਸਿੰਘ ਜ਼ੇਪੁਰੀ 16
—ਪ੍ਰੋ: ਸਤਵਿੰਦਰ ਸਿੰਘ

3] ਸੰਗੀਤ ਲਿਪੀ 18
—ਪ੍ਰੋ: ਕਰਤਾਰ ਸਿੰਘ

4] ਬੀਬੀ ਜਸਬੀਰ ਕੌਰ ਖਾਲਸਾ
— ਸ਼ੁਕਰ ਸਿੰਘ

**ਬੇਨਤੀ**

ਅਤਿ ਦੀ ਮਹਿੰਗਾਈ ਕਾਰਨ ਚੰਦਿਆਂ ਵਿਚ ਵਾਧਾ ਕਰਨਾ ਪਿਆ ਹੈ। ਹੁਣ ਨਵੇਂ ਰੇਟਾਂ ਅਨੁਸਾਰ ਚੰਦੇ ਭੇਜਣ ਦੀ ਕਿਰਪਾ ਕਰਨੀ।

**ਨੋਟ :** ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੰਜੀ ਹਨ । ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

'ਅੰਮਿਤ ਕੀਰਤਨ' ਡਾਇਰੈਕਟਰ ਸਿਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

# ਐੱਸ. ਮਹਿੰਦਰ

—ਹਰਜਾਪ ਸਿੰਘ ਨਿਊਜਰਸੀ ਅਮਰੀਕਾ

ਕੋਈ ਵੀ ਸ਼ੈਅ ਉਸ ਤਰ੍ਹਾਂ ਦੀ ਬਣ ਜਾਂਦੀ ਏ ਜਿਸ ਕਿਸਮ ਦੇ ਸਾਂਚੇ ਵਿਚ ਉਹ ਢਲ ਕੇ ਤਿਆਰ ਹੋਈ ਹੋਵੇ। ਇਹ ਗੱਲ ਐੱਸ. ਮਹਿੰਦਰ ਜੀ ਤੇ ਵੀ ਢੁਕਦੀ ਹੈ। ਬਚਪਨ ਵਿਚ ਐੱਸ ਮਹਿੰਦਰ ਜੀ ਨੂੰ ਉਨ੍ਹਾਂ ਦੇ ਮਾਤਾ ਪਿਤਾ ਜ਼ਿਲ੍ਹਾ ਲਾਇਲਪੁਰ (ਅੱਜ ਕਲ੍ਹ ਜ਼ਿਲ੍ਹਾ ਫੈਸਲਾਵਾਦ, ਪਾਕਿਸਤਾਨ) ਵਿਚ ਸੰਤ ਬਾਬਾ ਸੁਜਾਨ ਸਿੰਘ ਜੀ ਦੇ ਡੇਰੇ ਤੇ ਲੈ ਜਾਇਆ ਕਰਦੇ ਸਨ। ਸੰਤ ਬਾਬਾ ਸੁਜਾਨ ਸਿੰਘ ਜੀ ਉੱਪਰ ਗੁਰੂ ਦੀ ਬੇਅੰਤ ਕਿਰਪਾ ਸੀ। ਉਨ੍ਹਾਂ ਦਾ ਲਾਜਵਾਬ ਗਲਾ ਸੀ। ਸੋਝੀ ਉਨ੍ਹਾਂ ਵਿਚ ਐਨੀ ਸੀ ਕਿ ਬੜੀਆਂ ਔਖੀਆਂ ਸ਼ਾਸਤਰੀਅ ਸੰਗੀਤਕ ਬੰਦਿਸ਼ਾਂ ਉਹ ਬਾਆਸਾਨੀ ਅਦਾ ਕਰ ਲੈਂਦੇ ਸਨ। ਉਹ ਸ਼ਬਦ ਕੀਰਤਨ ਵਿਆਖਿਆ ਸੰਗ ਕਰਦੇ ਸਨ। ਵਧੇਰੇ ਸਮਾਂ ਵਿਆਖਿਆ ਵਿਚ ਲਗਾਉਂਦੇ ਸਨ ਪਰ ਛੋਟੀਆਂ ਛੋਟੀਆਂ ਐਨੀਆਂ ਪੁਰਅਸਰ ਗੀਤਾਂ ਵਿਚ ਸ਼ਬਦ ਗਾਇਨ ਕਰਦੇ ਸਨ ਕਿ ਸੰਗਤ ਗਦ ਗਦ ਹੋ ਜਾਂਦੀ ਸੀ। ਐੱਸ ਮਹਿੰਦਰ ਦਾ ਅਸਲੀ ਨਾਉਂ ਮਹਿੰਦਰ ਸਿੰਘ ਸਰਨਾਂ ਜਾਂ ਮਹਿੰਦਰ ਸਿੰਘ ਬਖਸ਼ੀ ਹੈ ਪਰ ਫਿਲਮਾਂ ਵਾਲੇ ਉਨ੍ਹਾਂ ਨੂੰ ਐੱਸ ਮਹਿੰਦਰ ਨਾਓਂ ਨਾਲ ਬੁਲਾਉਂਦੇ ਹਨ। ਬਾਲ ਮਹਿੰਦਰ ਸਿੰਘ ਸਤਸੰਗ ਵਿਚ ਲੀਨ ਹੋ ਜਾਂਦੇ ਹਨ। ਹੌਲੀ ਹੌਲੀ ਉਨ੍ਹਾਂ ਨੇ ਸ਼ਬਦ ਕੀਰਤਨ ਸਿੱਖਣਾ ਵੀ ਸ਼ੁਰੂ ਕਰ ਦਿਤਾ। ਇਸ ਤਰ੍ਹਾਂ ਮਹਿੰਦਰ ਸਿੰਘ ਹੋਰਾਂ ਨੇ ਸੰਗੀਤ ਦੀ ਗੁੜ੍ਹਤੀ ਪ੍ਰਾਪਤ ਕੀਤੀ। ਸੰਗਤ ਦੇ ਸਨਮੁਖ ਸੰਤ ਜੀ ਜੋ ਵੀ ਕੀਰਤਨ ਕਰਦੇ ਸਨ ਉਸ ਨੂੰ ਬਾਲ ਮਹਿੰਦਰ ਸਿੰਘ ਘਰ ਆ ਕੇ ਗੁਣਗਾਉਂਦੇ ਸਨ। ਕੁਝ ਫ਼ਰਕ ਪਾ ਕੇ ਨਵੀਂ ਰੀਤ ਵੀ ਬਣਾਉਣ ਲਗ ਪਏ ਸਨ। ਇਹ ਭੋਲੇ ਪਨ ਵਿਚ ਹੀ ਸੰਗੀਤ ਨਿਰਦੇਸ਼ਕੀ ਦਾ ਆਗ਼ਾਜ਼ ਸੀ। ਸੰਤ ਸੁਜਾਨ ਸਿੰਘ ਜੀ ਦੇ ਕੀਰਤਨ ਦੀ ਸ਼ੈਲੀ ਮੁਲਤਾਨ, ਬਹਾਵਲਪੁਰ ਮੀਆਂਵਾਲੀ ਇਲਾਕੇ ਦੀ ਸ਼ਾਸਤਰੀਅ ਸੰਗੀਤਕ ਪ੍ਰੰਪਰਾ ਵਿਚ ਖੁੱਭੀ ਪਈ ਸੀ। ਇਸੇ ਹੀ ਤਰ੍ਹਾਂ ਦਾ ਸੰਗੀਤ ਸ਼ਾਮ ਸੁੰਦਰ ਅਤੇ ਗੋਬਿੰਦ ਰਾਮ ਦਾ ਵੀ ਸੀ।

ਹਾਈ ਸਕੂਲ ਦੀ ਉਮਰ ਸਮੇਂ ਐਸ. ਮਹਿੰਦਰ ਜੀ ਦੇ ਮਾਤਾ ਪਿਤਾ ਨਨਕਾਣਾ ਸਾਹਿਬ ਰਹਿਣ ਲਗ ਪਏ ਸਨ। ਇਸ ਤੋਂ ਕੁਝ ਵਰ੍ਹੇ ਪਹਿਲਾਂ ਐਸ. ਮਹਿੰਦਰ ਪਿੰਡ ਕੈਰੋਂ ਤਹਿਸੀਲ ਤਰਨਤਾਰਨ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਵੀ ਪੜ੍ਹਦੇ ਰਹੇ। ਦਰਅਸਲ ਉਨ੍ਹਾਂ ਦੇ ਪਿਤਾ ਪਰੌਸੀਕਿਊਟਿੰਗ ਇਨਸਪੈਕਟਰ ਸਨ ਜਿਨ੍ਹਾਂ ਦੀ ਬਦਲੀ ਹੁੰਦੀ ਰਹਿੰਦੀ

ਸੀ। ਪਰੌਸੀਕਿਊਟਿੰਗ ਡੀ. ਐਸ. ਪੀ. ਬਣ ਕੇ ਉਹ ਨਨਕਾਣਾ ਸਾਹਿਬ ਆ ਗਏ। ਇਹ 1940 ਤੋਂ 1942-43 ਤੱਕ ਦੀ ਗੱਲ ਹੈ।

ਨਨਕਾਣਾ ਸਾਹਿਬ ਵਿਖੇ ਮੁਹਿੰਦਰ ਸਿੰਘ ਗੁਰਦਵਾਰਾ ਜਨਮ ਅਸਥਾਨ ਨੇਮ ਨਾਲ ਜਾਂਦੇ ਸਨ। ਉੱਥੇ ਸਿੱਖ ਜਗਤ ਦੇ ਚੋਟੀ ਦੇ ਕੀਰਤਨੀਏ ਸੇਵਾ ਕਰਦੇ ਸਨ। ਇਨ੍ਹਾਂ ਵਿਚ ਗੁਰਮੁਖ ਸਿੰਘ ਫ਼ੱਕਰ, ਪਾਲ ਸਿੰਘ, ਜਸਵੰਤ ਸਿੰਘ, ਭਾਈ ਸਮੁੰਦ ਸਿੰਘ ਜੀ ਵੀ ਸ਼ਾਮਿਲ ਸਨ ਮੁਹਿੰਦਰ ਸਿੰਘ ਹੋਰਾਂ ਨੇ ਸੁਣਿਆ ਤਾਂ ਅਨੇਕਾਂ ਜਥਿਆਂ ਨੂੰ ਸੀ ਪਰ ਸ਼ਗਿਰਦ ਭਾਈ ਸਮੁੰਦ ਸਿੰਘ ਜੀ ਦੀ ਹੀ ਕੀਤੀ। ਭਾਈ ਸਮੁੰਦ ਸਿੰਘ ਰਾਗ ਵਿਦਿਆ ਦੇ ਧਨੀ ਸਨ। ਉਨ੍ਹਾਂ ਦੀ ਕੀਰਤਨ ਸ਼ੈਲੀ ਨੂੰ ਛੋਟਾ ਖਿਆਲ ਨੁਮਾ ਸ਼ੈਲੀ ਆਖਦੇ ਹਨ। ਇਹ ਸ਼ੈਲੀ ਗੁੱਜਰਾਂਵਾਲਾ ਸ਼ੇਖੂਪੁਰਾ ਅਤੇ ਸਿਆਲਕੋਟ ਆਦਿ ਵਿਚ ਪ੍ਰਚਲਤ ਸੀ। ਮੁਹਿੰਦਰ ਸਿੰਘ ਹੋਰਾਂ ਨੇ ਭਾਈ ਸਮੁੰਦ ਸਿੰਘ ਜੀ ਕੋਲੋਂ ਅਲੱਗ ਅਲੱਗ ਰਾਗਾਂ ਦੇ ਵਿਅਕਰਣ ਅਤੇ ਵਿਲੱਖਣਤਾ ਦਾ ਗਿਆਨ ਪ੍ਰਾਪਤ ਕੀਤਾ।

1944 ਵਿਚ ਐੱਸ. ਮੁਹਿੰਦਰ ਸਿੰਘ ਜੀ ਨੇ ਪੰਜਾਬ ਦੇ ਉਸ ਜ਼ਮਾਨੇ ਦੇ ਇਕੋ ਇਕ ਰੇਡੀਓ ਸਟੇਸ਼ਨ ਲਹੌਰ ਤੋਂ ਬਤੌਰ ਗਾਇਕ ਔਡੀਸ਼ਨ ਪਾਸ ਕੀਤੀ ਅਤੇ ਬਤੌਰ ਕੇਪੂਅਲ (CAPUAL) ਆਰਟਿਸਟ ਗਾਉਣਾ ਸ਼ੁਰੂ ਕੀਤਾ। ਵਧੇਰੇ ਕਰਕੇ ਉਹ ਸ਼ਬਦ ਅਤੇ ਪੰਜਾਬੀ ਗ਼ਜ਼ਲ ਗਾਇਆ ਕਰਦੇ ਸਨ। ਇਸ ਸਮੇਂ ਦੌਰਾਨ ਉਨ੍ਹਾਂ ਨੇ ਸੰਗੀਤ ਨਿਰਦੇਸ਼ਕੀ ਤੇ ਵੀ ਹੱਥ ਅਜ਼ਮਾਈ ਕੀਤੀ।

ਸੰਗੀਤ ਦੀ ਵਿੱਦਿਆ ਵਿਧੀਬੱਧ, ਤਰੀਕੇ ਨਾਲ ਐਸ. ਮੁਹਿੰਦਰ ਸਿੰਘ ਜੀ ਨੇ ਬਨਾਰਸ ਤੋਂ ਪ੍ਰਾਪਤ ਕੀਤੀ। ਬਨਾਰਸ ਤੋਂ ਪ੍ਰਾਪਤ ਵਿੱਦਿਆ ਉਹਨਾਂ ਵਾਸਤੇ ਬੜੀ ਸਹਾਈ ਰਹੀ। ਉਸ ਸਮੇਂ ਤੱਕ ਪ੍ਰਾਪਤ ਕੀਤੇ ਸ਼ਾਸਤਰੀਆਂ ਸੰਗੀਤ ਨੇ ਮੁਹਿੰਦਰ ਸਿੰਘ ਹੋਰਾਂ ਨੂੰ ਪੰਜਾਬੀ ਸ਼ੈਲੀ ਦੇ ਦੋ ਸਕੂਲਜ਼ ਯਾਨੀ ਕੇਂਦਰੀ ਪੰਜਾਬੀ ਅਤੇ ਪੂਰਬੀ ਅੰਗ ਤੱਕ ਪਹੁੰਚ ਦੇ ਦਿੱਤੀ।

ਬੰਬਈ ਵਿਚ ਕੰਮ ਕਰ ਰਹੇ ਉਸ ਸਮੇਂ ਦੇ ਸੰਗੀਤਕਾਰਾਂ ਦਾ ਆਪਣਾ ਆਪਣਾ ਅਲਹਿਦਾ ਅਲਹਿਦਾ ਮੁਕਾਮੀ ਅੰਦਾਜ਼ ਉਨ੍ਹਾਂ ਦੀ ਵਿਲੱਖਣਤਾ ਸੀ। ਪਰ ਮੁਹਿੰਦਰ ਸਿੰਘ ਹੋਰਾਂ ਨੂੰ ਕਿਸੇ ਇਕ ਸ਼ੈਲੀ ਦੀ ਗ਼ੁਲਾਮੀ ਨਹੀਂ ਕਰਨੀ ਪਈ। ਉਹ ਤਿੰਨ ਮੁਖ਼ਤਲਿਫ਼ ਸ਼ੈਲੀਆਂ ਦੇ ਧਨ ਨਾਲ ਮਾਲ-ਮਾਲ ਸਨ। ਇਸੇ ਹੀ ਕਰਕੇ ਉਨ੍ਹਾਂ ਦੇ ਸੰਗੀਤ ਨੂੰ ਇਕ-ਦਮ ਪਛਾਨਣਾ ਬੜਾ ਔਖਾ ਹੈ। ਮਿਸਾਲ ਦੇ ਤੌਰ ਤੇ ਹੁਸਨ ਲਾਲ ਭਗਤ ਰਾਮ ਦਾ ਬਿਸਤ ਦੋਆਬੀ ਢੰਗ ਫ਼ੌਰਨ ਪਛਾਣਿਆ ਜਾਂਦਾ ਹੈ। ਖੇਮ ਚੰਦ ਪ੍ਰਕਾਸ਼ ਦਾ ਸਟਾਈਲ ਵੀ ਨਿੱਖੜਵਾਂ ਰਾਜਸਥਾਨੀ ਸਟਾਈਲ ਸੀ। ਸ੍ਰੀ ਰਾਮ ਚੰਦ ਦਾ ਮਰਾਠੀ ਸਟਾਈਲ ਅਤੇ ਹੇਮੰਤ ਕੁਮਾਰ ਦਾ ਬੰਗਾਲੀ ਢੰਗ ਸਭ ਆਪਣੀ ਪਹਿਚਾਣ ਆਪ ਸਨ। ਐਸ ਮੁਹਿੰਦਰ ਦੇ ਸੰਗੀਤ ਨੂੰ ਸੁਣਦੇ ਸਾਰ ਹੀ ਨਹੀਂ ਆਖ ਸਕਦੇ ਕਿ ਇਹ ਕਿਸ ਢੰਗ ਦਾ ਹੈ।

1947 ਵਿਚ ਮੁਹਿੰਦਰ ਸਿੰਘ ਭਾਰਤੀ ਪੰਜਾਬ ਆ ਗਏ ਅਤੇ 1949 ਤੋਂ ਉਨ੍ਹਾਂ ਨੇ ਬੰਬਈ ਵਿਚ ਬਣਦੀਆਂ ਹਿੰਦੁਸਤਾਨੀ ਫਿਲਮਾਂ ਵਿਚ ਸੰਗੀਤ ਦੇਣਾ ਸ਼ੁਰੂ ਕੀਤਾ।

ਫਿਲਮੀ ਦੁਨੀਆਂ ਨੇ ਉਹਨਾਂ ਦਾ ਨਾਓਂ ਐਸ ਮੁਹਿੰਦਰ ਕਰ ਦਿਤਾ। ਬਤੌਰ ਸੰਗੀਤ ਨਿਰਦੇਸ਼ਨ ਐਸ. ਮੁਹਿੰਦਰ ਨੇ ਉਸ ਸਮੇਂ ਦੇ ਸਭਨਾਂ ਗਾਇਕਾਂ ਅਤੇ ਗਾਇਕਾਵਾਂ ਦੀਆਂ ਆਵਾਜ਼ਾਂ ਦਾ ਇਸਤੇਮਾਲ ਕੀਤਾ। ਇਨ੍ਹਾਂ ਵਿਚ ਸੁਰਈਆ ਸ਼ਮਸ਼ਾਦ ਬੇਗਮ, ਗੀਤਾ ਰੌਏ, ਲਤਾ ਮੰਗੇਸ਼ਕਰ, ਆਸ਼ਾ ਭੌਂਸਲੇ, ਸੁਰਿੰਦਰ ਕੌਰ, ਸੁਧਾ ਮਲਹੋਤਰਾ, ਤਲਤ ਮਹਿਮੂਦ, ਮੁਹੰਮਦ ਰਫੀ, ਮੰਨਾ-ਡੇ, ਮੁਕੇਸ਼ ਅਤੇ ਹੇਮੰਤ ਕੁਮਾਰ ਸ਼ਾਮਿਲ ਸਨ। ਮਰਦਾਂ ਵਿਚੋਂ ਐਸ, ਮੁਹਿੰਦਰ ਨੇ ਸਭ ਤੋਂ ਵੱਧ ਵਰਤੋਂ ਮੁਹੰਮਦ ਰਫ਼ੀ ਦੀ ਆਵਾਜ਼ ਦੀ ਕੀਤੀ ਤੇ ਔਰਤਾਂ ਵਿਚੋਂ ਲਤਾ ਮੰਗੇਸ਼ਕਰ ਕੋਲੋਂ ਉਨ੍ਹਾਂ ਨੇ ਸਭ ਤੋਂ ਵੱਧ ਗਵਾਇਆ।

ਪਰੋਡਿਊਸਰਾਂ ਵਿਚ ਚੰਦੂ ਲਾਲ ਸ਼ਾਹ ਫਿਲਮਿਸਤਾਨ ਅਤੇ ਹੋਰ ਅਨੇਕਾਂ ਨਿਰ-ਮਾਤਾਵਾਂ ਨੇ ਐਸ. ਮੁਹਿੰਦਰ ਦਾ ਸੰਗੀਤ ਲਿਆ। ਐਸ ਮੁਹਿੰਦਰ ਨੇ ਖ਼ੁਦ ਵੀ ਕੰਵਰ ਸਿੰਘ ਬੇਦੀ ਨਾਲ ਮਿਲਕੇ ਕਈ ਫਿਲਮਾਂ ਬਣਾਈਆਂ ਸਨ ਜਿਨ੍ਹਾਂ ਵਿਚ ਧਾਰਮਿਕ ਪੰਜਾਬੀ ਫਿਲਮਾਂ ਵੀ ਸ਼ਾਮਿਲ ਸਨ। ਉਹ ਤਨਵੀਰ ਨਕਵੀ ਦੀਆਂ ਰਚਨਾਵਾਂ ਬਹੁਤ ਪਸੰਦ ਸਨ। ਤਨਵੀਰ ਨੂੰ ਲਾਹੌਰੋਂ ਬੰਬਈ ਲਿਆਉਣ ਵਿਚ ਵੀ ਐਸ. ਮੁਹਿੰਦਰ ਦਾ ਬੜਾ ਅਹਿਮ ਰੋਲ ਹੈ। ਹੋਰ ਪੰਜਾਬੀਆਂ ਦੀ ਤਰ੍ਹਾਂ ਐਸ. ਮੁਹਿੰਦਰ ਜੀ ਵੀ ਤਰਜ਼ਾਂ ਹਰਮੋਨੀਅਮ ਤੇ ਹੀ ਕੱਢਦੇ ਹਨ। ਮੁੱਢਲੇ ਸਮੇਂ ਦੀ ਪੰਜਾਬ ਦੇ ਫਿਲਮੀ ਨਿਰਦੇਸ਼ਕ ਗੁਲਾਮ ਹੈਦਰ, ਰਫ਼ੀਕ ਗਜ਼ਨਵੀ, ਪੰਡਿਤ ਗੋਬਿੰਦ ਰਾਮ ਅਤੇ ਪੰਡਿਤ ਅਮਰ ਨਾਥ ਦੇ ਸੰਗੀਤ ਤੋਂ ਐਸ ਮੁਹਿੰਦਰ ਬੜੇ ਪਰਭਾ-ਵਿਤ ਹਨ।

ਪੰਜਾਬ ਵਿਚ ਕਵਾਲੀ ਮੁੱਢ ਤੋਂ ਹੀ ਬੜੀ ਮਕਬੂਲ ਰਹੀ ਹੈ। ਐਸ ਮੁਹਿੰਦਰ ਨੂੰ ਕਵਾਲੀ ਤੇ ਬੜੀ ਮਹਾਰਤ ਹੈ। ਮਿਸਾਲ ਵਜੋਂ ਉਨ੍ਹਾਂ ਦਵਾਰਾ ਰਚਿਤ ਫਿਲਮ ਸ਼ੀਰੀ ਫ਼ਰਹਾਦ ਦੀ ਕਵਾਲੀ "ਆਂਖੋਂ ਮੇਂ ਤੁਮਹਾਰੇ ਜਲਵੇਂ ਹੈਂ ਹੋਂਠੋਂ ਪੇ ਤੁਮਹਾਰੇ ਅਫ਼ਸਾਨੇ" ਬੱਚੇ ਦੀ ਜ਼ਬਾਨ ਤੇ ਸੀ। ਮੁਹਿੰਦਰ ਰਫ਼ੀ ਨੇ ਇਸਨੂੰ ਕੋਰਸ ਵਿਚ ਗਾਇਆ। ਪੰਜਾਬ ਦੇ ਮੰਚ ਤੇ ਪੇਸ਼ ਕੀਤਾ ਹੈ। "ਮਾਹੀਆਂ" ਅਤੇ "ਢੋਲਾ" ਦੇ ਅੰਦਾਜ਼ ਵਿਚ ਅਨੇਕਾਂ ਗੀਤ ਐਸ. ਮੁਹਿੰਦਰ ਦੇ ਸੰਗੀਤ ਵਿਚ ਮਿਲਦੇ ਹਨ ਜੋ ਹਰ ਵਾਰੀ ਨਵੀਂ ਹੀ ਖ਼ੁਸ਼ਬੂ ਲੈਕੇ ਆਏ ਹਨ। ਯੂ. ਪੀ. ਵਿਚ ਵੀਹਵੀਂ ਸਦੀ ਵਿਚ ਗ਼ਜ਼ਲ ਪ੍ਰਧਾਨ ਰਹੀ ਹੈ। ਐਸ. ਮੁਹਿੰਦਰ ਨੇ ਗ਼ਜ਼ਲ ਨੂੰ ਉਸੇ ਹੀ ਤਰ੍ਹਾਂ, ਅਹਿਮੀਅਤ ਦਿਤੀ ਹੈ ਜਿਸ ਤਰ੍ਹਾਂ ਮਦਨ ਮੋਹਨ ਨੇ ਦਿਤੀ ਹੈ। ਤਲਤ ਮਹਿਮੂਦ ਦਾ ਗਾਇਆ ਹੋਇਆ ਫਿਲਮ "ਸ਼ੀਰੀ ਫ਼ਰਹਾਦ" ਦਾ ਨਗ਼ਮਾ "ਸੁਨਾਊਂ ਕਿਸਕੋ ਅਫ਼ਸਾਨਾ ਨਾ ਅਪਨਾ ਹੈ ਨਾ ਬੇਗਾਨਾ" ਐਸ. ਮੁਹਿੰਦਰ ਦੇ ਸੰਗੀਤ ਵਿਚ ਗ਼ਜ਼ਲ ਦੀ ਰਵਾਇਤੀ ਢੰਗ ਦੀ ਅਦਾਇਗੀ ਦਾ ਸ਼ਾਨਦਾਰ ਨਮੂਨਾ ਹੈ।

ਐਸ. ਮੁਹਿੰਦਰ ਸਾਜ਼ਾਂ ਦੀ ਚੋਣ ਬੜੀ ਸੂਝ ਨਾਲ ਕਰਦੇ ਹਨ। ਧਾਰਮਿਕ ਫ਼ਿਲਮਾਂ ਵਿਚ ਉਹ ਪੁਰਾਣੇ ਭਾਰਤੀ ਸਾਜ਼ ਇਸਤੇਮਾਲ ਕਰਦੇ ਹਨ। ਰੋਮਾਂਟਿਕ ਗੀਤਾਂ ਵਿਚ ਉਹਨਾਂ ਨੇ ਪੱਛਮੀ ਸਾਜ਼ਾਂ ਦਾ ਖੁਲ੍ਹਕੇ ਇਸਤੇਮਾਲ ਕੀਤਾ ਹੈ। ਫੇਰ ਵੀ ਐਸ,-ਮੁਹਿੰਦਰ ਹੋਰ ਸੰਗੀਤ ਨਿਰਦੇਸ਼ਕਾਂ ਦੀ ਤਰ੍ਹਾਂ ਸਾਜ਼ਾਂ ਦੀ ਬਹੁਤਾਤ ਨਹੀਂ ਕਰਦੇ। ਉਹ ਪੰਜਾਹ-ਪੰਜਾਹ ਵਾਇਲਨਾਂ ਇਕੱਠੀਆਂ ਵਜਾਉਣ ਦੇ ਹੱਕ ਵਿਚ ਨਹੀਂ ਹਨ। ਕਿਸੇ ਨਾ

ਕਿਸੇ ਮੁਰਹਲੇ ਤੋਂ ਨੁਮਾਂਇਆ ਕਰਕੇ ਵਿਸ਼ੇਸ਼ ਪਰਭਾਵ ਪੈਦਾ ਕਰਦੇ ਹਨ ਜੋ ਬੜੇ ਘਟ ਸੰਗੀਤ ਨਿਰਦੇਸ਼ਕ ਕਰ ਸਕੇ ਹਨ।

1949 ਤੋਂ ਸ਼ੁਰੂ ਹੋ ਕੇ ਤਕਰੀਬਨ ਤੀਹ ਸਾਲਾਂ ਵਿਚ ਐਸ ਮੁਹਿੰਦਰ ਨੇ ਲੱਗਭੱਗ 75 ਫਿਲਮਾਂ ਵਿਚ ਸੰਗੀਤ ਦਿਤਾ। ਇਸ ਤਰ੍ਹਾਂ ਕੁਲ ਮਿਲਾ ਕੇ ਉਹ ਔਸਤਨ ਸਾਲ ਵਿਚ ਤਿੰਨ ਫਿਲਮਾਂ ਦਾ ਸੰਗੀਤ ਦੇਂਦੇ ਸਨ। ਭਾਵ ਇਹ ਕਿ ਇਕ ਫਿਲਮ ਦਾ ਸੰਗੀਤ ਦੇਣ ਵਿਚ ਉਹ ਚਾਰ ਮਹੀਨੇ ਲਗਾਉਂਦੇ ਸਨ। ਅਜਕਲ੍ਹ ਦੇ ਸੰਗੀਤ ਨਿਰਦੇਸ਼ਕ ਵੱਧ ਤੋਂ ਵੱਧ ਇਕ ਮਹੀਨੇ ਵਿਚ ਸਾਰੀ ਫਿਲਮ ਦਾ ਸੰਗੀਤ ਰਿਕਾਰਡ ਕਰਵਾ ਲੈਂਦੇ ਹਨ। ਪਰ ਅਜ ਦੇ ਸੰਗੀਤ ਨਿਰਦੇਸ਼ਕ ਪੁਰਾਣੇ ਐਸ ਮੁਹਿੰਦਰ ਜਿਹੇ ਸੰਗੀਤ ਨਿਰਦੇਸ਼ਕਾਂ ਦੀ ਤਰ੍ਹਾਂ ਮਿਹਨਤ ਕਰਕੇ ਨਵੀਂ ਚੀਜ਼ ਨਹੀਂ ਪੇਸ਼ ਕਰਦੇ ਹਨ। ਐਸ. ਮੁਹਿੰਦਰ ਪਹਿਲਾਂ ਗੀਤ ਦੇ ਬੋਲ ਲਿਖਵਾਉਂਦੇ ਸਨ ਫੇਰ ਉਨ੍ਹਾਂ ਬੋਲਾਂ ਨੂੰ ਮੂੰਹ ਵਿਚ ਹੀ ਗੁਣਗੁਣਾਉਂਦੇ ਸਨ। ਫ਼ਿਰ ਤਰਜ਼ ਬਣਾ ਕੇ ਹਰਮੋਨੀਅਮ ਨਾਲ ਉਸ ਨੇ ਖੁਦ ਗਾਉਂਦੇ ਸਨ, ਜਦੋਂ ਤਰਜ਼ ਪੂਰੀ ਤਰ੍ਹਾਂ ਤਿਆਰ ਹੋ ਜਾਵੇ ਤਾਂ ਉਸਨੂੰ ਗਾ ਕੇ ਗਾਇਕਾਂ ਨੂੰ ਸੁਣਾਉਂਦੇ ਸਨ। ਫ਼ੇਰ ਸਾਜਾਂ ਦੀ ਤਰਤੀਬ ਬਣਾ ਕੇ ਸਟੂਡੀਓ ਵਿਚ ਗਾਣਿਆਂ ਨੂੰ ਰਿਹਸਲ ਕਰਦੇ ਸਨ। ਜਦੋਂ ਸਾਜ਼ਾਂ ਅਤੇ ਗਾਇਕ ਦੀ ਤਸੱਲੀ ਹੋ ਜਾਵੇ ਉਸ ਵਕਤ ਗੀਤ ਰਿਕਾਰਡ ਕਰਵਾਉਂਦੇ ਸਨ। ਅੱਜਕਲ੍ਹ ਤਾਂ ਰਹਿਰਸਲ ਤੋਂ ਬਗੈਰ ਵੀ ਰਿਕਾਰਡਿੰਗ ਹੋ ਜਾਂਦੀ ਹੈ। ਗਾਉਣ ਵਾਲਾ ਵੀ ਪਹਿਲੀ ਵਾਰੀ ਹੀ ਗਾਉਂਦਾ ਹੈ ਅਤੇ ਸਾਜ਼ਿੰਦਿਆਂ ਨੇ ਵੀ ਦੋ ਤਿੰਨ ਵਾਰੀ ਹੀ ਇਕਠਿਆਂ ਵਜਾਇਆ ਹੁੰਦਾ ਹੈ। ਇਹੋ ਜਿਹੇ ਸੰਗੀਤ ਵਿਚ ਪੁਰਾਣੇ ਸੰਗੀਤ ਜਿਹੀ ਜਾਨ ਕਿੱਥੇ ਹੈ। ਇਸੇ ਹੀ ਕਰਕੇ ਨਵਾਂ ਸੰਗੀਤ ਪੁਰਾਣੇ ਸੰਗੀਤ ਦੇ 100 ਦਿਨਾਂ ਦੇ ਮੁਕਾਬਲੇ ਵਿਚ 9 ਦਿਨ ਹੀ ਮਸਾਂ ਚੱਲਦਾ ਹੈ।

ਗਾਇਕਾਂ ਬਾਰੇ ਐਸ. ਮੁਹਿੰਦਰ ਦੱਸਦੇ ਹਨ ਕਿ ਲਤਾ ਮੰਗੇਸ਼ਕਰ ਅਤੇ ਮੁਹੰਮਦ ਰਫੀ ਅਜਿਹੇ ਗਾਇਕ ਹਨ ਜਿਨ੍ਹਾਂ ਨੂੰ ਗਾਇਕੀ ਦਾ ਜ਼ਾਦੂਗਰ ਅਖਿਆ ਜਾ ਸਕਦਾ ਏ। ਲਤਾ ਮੰਗੇਸ਼ਕਰ ਤਾਂ ਇਕ ਤੋਤੇ ਦੀ ਤਰਾਂ ਹੈ ਬਲਕਿ ਤੋਤ ਤੋਂ ਕਈ ਕਦਮ ਅੱਗੇ ਹੈ। ਉਹ ਇੱਕ ਸੰਪੂਰਨ ਗਾਇਕਾ ਹੈ ਸ਼ਾਸਤਰੀਆ ਸੰਗੀਤ ਵਿੱਚ ਪਰਪੱਕ ਹੋਣ ਕਾਰਨ ਉਸਦੇ ਗਲੇ ਵਿੱਚ ਇੱਕ ਅਜਿਹੀ ਰਵਾਨਗੀ ਆ ਗਈ ਹੈ ਜਿਸ ਨਾਲ ਉਹ ਹਰ ਤਰ੍ਹਾਂ ਦੀ ਔਖੀ ਤੋਂ ਔਖੀ ਬੰਦਿਸ਼ ਬਾਆਸਾਨੀ ਅਦਾ ਕਰ ਲੈਂਦੀ ਹੈ। ਉਸਨੂੰ ਤਰਜ਼ ਸਮਝਾ ਦਿਓ ਅਤੇ ਜ਼ਰਾ ਕੁ ਰਾਗ ਦੇ ਸਰੂਪ ਬਾਰੇ ਇਸ਼ਾਰਾ ਦੇ ਦਿਓ ਉਹ ਫੌਰਨ ਤਰਜ਼ ਪਕੜ ਲੈਂਦੀ ਹੈ। ਲਤਾ ਸੰਗੀਤ ਨੂੰ ਮਹਿਜ਼ ਗਾਉਂਦੀ ਹੀ ਨਹੀਂ ਬਲਕਿ ਉਸਦੇ ਜਜ਼ਬਾਤ ਵਿੱਚ ਵੀ ਘੁਲ ਕੇ ਗਾਉਂਦੀ ਹੈ। ਵਡਿਓਂ ਬਿਰਧ ਸੰਗੀਤਕਾਰ ਅਨਿਲ ਬਿਸਵਾਸ ਕਹਿੰਦੇ ਹਨ ਕਿ ਕੋਈ ਚੰਗੇ ਤੋਂ ਚੰਗਾ ਗਾਇਕ ਜਾਂ ਚੰਗੀ ਤੋਂ ਚੰਗੀ ਗਾਇਕਾ ਵੀ ਉਹ ਸਾਰਾ ਕੁਝ ਨਹੀਂ ਕਰ ਸਕਦੇ ਜੋ ਧੁਨ ਬਣਾਉਂਦੇ ਸਮੇਂ ਸੰਗੀਤ ਨਿਰਦੇਸ਼ਕ ਦੇ ਮਨ ਵਿੱਚ ਹੁੰਦਾ ਹੈ। ਅਨਿਲ ਬਿਸਵਾਸ ਦੇ ਮੁਤਾਬਿਕ ਲਤਾ ਮੰਗੇਸ਼ਕਰ ਜਿਹੀ ਗਾਇਕਾ ਵੀ ਸੰਗੀਤ ਨਿਰਦੇਸ਼ਕ ਦੀ ਤਮੰਨਾ ਦਾ ਮਸਾਂ 25 ਕੁ ਫੀਸਦੀ

ਹਿੱਸਾ ਹੀ ਅਦਾ ਕਰ ਸਕਦੀ ਹੈ। ਪਰ ਐਸ. ਮੁਹਿੰਦਰ ਇਸ ਪੱਖ ਤੋਂ ਅਟੱਲ ਵਿਸਵਾਸ ਨਾਲ ਸਹਿਮਤ ਨਹੀਂ। ਉਹ ਸਮਝਦੇ ਹਨ ਕਿ ਲਤਾ ਜਿਹੀ ਗਾਇਕਾ ਸੰਗੀਤ ਨਿਰਦੇਸ਼ਕ ਦੀ ਪੂਰੀ ਤਸੱਲੀ ਕਰਵਾਉਂਦੀ ਹੈ। ਕਈ ਵਾਰੀ ਲਤਾ ਏਨੀ ਸੁਹਣੀ ਅਦਾਇਗੀ ਕਰਦੀ ਹੈ ਕਿ ਸੰਗੀਤ ਨਿਰਦੇਸ਼ਕ ਸੁਣਕੇ ਖੁਦ ਦੰਗ ਰਹਿ ਜਾਂਦਾ ਹੈ। ਮੁਹੰਮਦ ਰਫ਼ੀ ਬਾਰੇ ਐਸ ਮੁਹਿੰਦਰ ਕਹਿੰਦੇ ਹਨ ਕਿ ਉਹ ਵੀ ਲਤਾ ਦੀ ਹੀ ਤਰ੍ਹਾਂ ਦੇ ਗਾਇਕ ਸਨ, ਜੋ ਸੰਗੀਤ ਦੀ ਵਿਦਿਆ ਦੇ ਖ਼ਜ਼ਾਨੇ ਨਾਲ ਮਾਲਾਮਾਲ ਸਨ। ਮੁਹੰਮਦ ਰਫ਼ੀ ਵੀ ਔਖੀ ਤੋਂ ਔਖੀ ਤਰਜ਼ ਕੋਈ ਖ਼ਾਸ ਦਿੱਕਤ ਤੋਂ ਬਗੈਰ ਗਾ ਸਕਦੇ ਸਨ। ਜਿਸ ਤਰ੍ਹਾਂ ਲਤਾ ਦੀ ਆਵਾਜ਼ ਹਰ ਅਭਿਨੇਤਰੀ ਤੇ ਓਪਰੀ ਨਹੀਂ ਲਗਦੀ ਇਸੇ ਹੀ ਤਰ੍ਹਾਂ ਹਰ ਮਰਦ ਅਭਿਨੇਤਾ ਤੇ ਮੁਹੰਮਦ ਰਫ਼ੀ ਦੀ ਆਵਾਜ਼ ਠੀਕ ਜਚ ਜਾਂਦੀ ਹੈ। ਅਜਿਹਾ ਹੋਣ ਦੇ ਬਾਵਜੂਦ ਐਸ. ਮੁਹਿੰਦਰ ਸਣੇ ਅਨੇਕਾਂ ਸੰਗੀਤ ਨਿਰਦੇਸ਼ਕਾਂ ਨੇ ਗ਼ਜ਼ਲ ਦੀ ਗਾਇਕੀ ਵਾਸਤੇ ਮੁਹੰਮਦ ਰਫ਼ੀ ਉੱਪਰ ਤਲਤ ਮਹਿਮੂਦ ਨੂੰ ਤਰਜੀਹ ਦਿੱਤੀ ਹੈ ਇਸਦਾ ਕਾਰਨ ਐਸ ਮੁਹਿੰਦਰ ਇਹ ਦੱਸਦੇ ਹਨ ਕਿ ਤਲਤ ਮਹਿਮੂਦ ਯੂ ਪੀ. ਦੇ ਹਨ ਅਤੇ ਯੂ. ਪੀ. ਵਿੱਚ ਵੀ ਲਖਨਊ ਦੇ, ਜਿਸਨੂੰ ਉਰਦੂ ਦਾ ਘਰ ਸਮਝਿਆ ਜਾਂਦਾ ਹੈ। ਉਰਦੂ ਦਾ ਇੱਕ ਖ਼ਾਸ ਤਲੱਫ਼ੁਜ਼ ਹੈ ਜਿਸ ਵਿੱਚ ਹੇਰ ਫੇਰ ਦੀ ਗੁੰਜ਼ਾਇਸ਼ ਨਹੀਂ। ਤਲਤ ਦਾ ਉਰਦੂ ਤਲੱਫ਼ੁਜ਼ ਬਿਲਕੁਲ ਖ਼ਾਲਿਸ ਹੈ। ਹੈ। ਤਲਤ ਕੋਲ ਮੁਹੰਮਦ ਰਫ਼ੀ ਜਿੰਨੀ ਸੰਗੀਤ ਦੀ ਵਿਦਿਆ ਕਦੀ ਵੀ ਨਹੀਂ ਹੋਈ। ਪਰ ਤਲਤ ਕੋਲ ਵੀ ਰਾਗ ਵਿਦਿਆ ਦਾ ਖਜ਼ਾਨਾ ਹੈ ਅਤੇ ਉਹ ਸੁਰ ਵਿੱਚ ਗਾਉਂਦੇ ਹਨ। ਇਸ ਕਰਕੇ ਉਰਦੂ ਪ੍ਰਧਾਨ ਗੀਤਾਂ ਨੂੰ ਗਾਉਣ ਵਾਸਤੇ ਤਲਤ ਮਹਿਮੂਦ ਦੀ ਆਵਾਜ਼ ਨੂੰ ਰਫ਼ੀ ਤੇ ਤਰਜੀਹ ਦਿੱਤੀ ਜਾਂਦੀ ਰਹੀ ਹੈ। ਪਰ ਜਿਥੇ ਤਕ ਹਰ ਕਿਸਮ ਦੇ ਗੀਤ ਦੇ ਗਾਉਣ ਦਾ ਸੰਬੰਧ ਰਫ਼ੀ ਸਾਹਿਬ ਬੇਜੋੜ ਸਨ। ਸੁਰੱਈਆ ਬਾਰੇ ਐਸ. ਮੁਹਿੰਦਰ ਦੱਸਦੇ ਹਨ ਕਿ ਉਹ ਜਜ਼ਬਾਤੀ ਹੋ ਕੇ ਗਾਉਂਦੀ ਸੀ। ਉਸਦੇ ਕੋਲ ਵਿਧੀਬਧ ਢੰਗ ਨਾਲ ਲਈ ਸ਼ਾਸਤਰੀਆ ਸੰਗੀਤ ਦੀ ਵਿੱਦਿਆ ਨਹੀਂ ਸੀ, ਪਰ ਉਹ ਹਰ ਗੀਤ ਉੱਪਰ ਏਨੀ ਮਿਹਨਤ ਕਰਦੀ ਸੀ ਕਿ ਗਾਉਣ ਸਮੇਂ ਉਹ ਕਮਾਲ ਕਰ ਵਿਖਾਉਂਦੀ ਸੀ। ਉਸਦੀ ਆਵਾਜ਼ ਬਹੁਤ ਉੱਚੀਆਂ ਅਤੇ ਬਹੁਤ ਨੀਵੀਆਂ ਸੁਰਾਂ ਤੱਕ ਨਹੀਂ ਸੀ ਅੱਪੜਦੀ। ਪਰ ਮੱਧਮ ਸੁਰਾਂ ਉੱਪਰ ਉਹ ਬੜਾ ਵਧੀਆ ਪ੍ਰਭਾਵ ਪਾਉਂਦੀ ਸੀ।

ਮੁਕੇਸ਼ ਨੂੰ ਐਸ ਮੁਹਿੰਦਰ ਜੀ ਕੋਈ ਬਹੁਤੇ ਉਚੇ ਪਾਏ ਦਾ ਗਾਉਣ ਵਾਲਾ ਨਹੀਂ ਸਮਝਦੇ। ਪਰ ਉਸਦੀ ਆਵਾਜ਼ ਵਿੱਚ ਇੱਕ ਅਨੋਖਾ ਦਰਦ ਸੀ, ਇੱਕ ਅਜੀਬ ਰੋਮਾਂਟਿਸਿਜ਼ਮ ਸੀ ਜਿਸਨੇ ਉਸਨੂੰ ਰਾਜ ਕਪੂਰ ਜਿਹੇ ਮੰਝੇ ਹੋਏ ਅਭਿਨੇਤਾ ਨੇ ਆਪਣੇ ਗੀਤਾਂ ਦੀ ਆਵਾਜ਼ ਦੇ ਬਤੌਰ ਚੁਣਿਆ। ਐਸ ਮੁਹਿੰਦਰ ਤਲਤ ਮਹਿਮੂਦ ਨੂੰ ਰੋਮਾਂਟਿਕ ਆਵਾਜ਼ ਦਾ ਬਾਦਸ਼ਾਹ ਸਮਝਦੇ ਹਨ ਜੋ ਉਰਦੂ ਬੋਲਾਂ ਤੇ ਲਾਜਵਾਬ ਹੈ। ਗੂੜ੍ਹੀ ਕਲਾਸੀਕੀ ਗਾਇਕੀ ਵਾਸਤੇ ਐਸ ਮੁਹਿੰਦਰ ਦੇ ਕਥਨ ਅਨੁਸਾਰ ਮੰਨਾ ਡੇ ਰਫ਼ੀ ਤੋਂ ਵੀ ਬੇਹਤਰ ਹਨ। ਐਸ. ਮੁਹਿੰਦਰ ਨੇ ਹੇਮੰਤ ਕੁਮਾਰ ਦੀ ਆਵਾਜ਼ ਨੂੰ ਵੀ ਆਪਣੇ ਗੀਤਾਂ ਵਾਸਤੇ ਬੜੇ ਸ਼ੌਕ ਨਾਲ ਇਸਤੇਮਾਲ ਕੀਤਾ ਹੈ। ਹੇਮੰਤ ਕੁਮਾਰ ਦੀ ਆਵਾਜ਼ ਦਾ ਬੰਗਾਲੀ ਸਰੂਪ ਦੂਰ ਤੋਂ

ਵੀ ਪਹਿਚਾਣਿਆ ਜਾ ਸਕਦਾ ਹੈ। ਪਰ ਹੇਮੰਤ ਕੁਮਾਰ ਦੀ ਆਵਾਜ਼ ਅਭਿਨੇਤਾ ਪ੍ਰਦੀਪ ਕੁਮਾਰ ਵਾਸਤੇ ਬੜੀ ਢੁਕਵੀਂ ਰਹੀ ਹੈ। ਫ਼ਿਲਮ ਸ਼ੀਰੀ ਫਰਹਾਦ ਡੂਏਟ "ਸੁਨਲੇ ਤੂੰ ਮੇਰੀ ਸਦਾ, ਰੋ ਰੋ ਕੇ ਯੇਹ ਮੁਹੱਬਤ, ਕਹਿਤੀ ਹੈ ਤੁਝ ਕੋ ਆ ਵਿੱਚ ਪਰਦੀਪ ਕੁਮਾਰ ਪਿੱਛੇ ਆਵਾਜ਼ ਹੇਮੰਤ ਦੀ ਹੀ ਹੈ ਜੋ ਬੜੀ ਢੁਕਵੀਂ ਆਵਾਜ਼ ਸਿੱਧ ਹੋਈ ਹੈ।

ਚੰਚਲ ਗੀਤ ਗਾਉਣ ਵਾਸਤੇ ਐਸ ਮੁਹਿੰਦਰ ਲਤਾ ਮੰਗੇਸ਼ਕਰ ਉੱਪਰ ਵੀ ਆਸ਼ਾ ਭੌਂਸਲੇ ਨੂੰ ਤਰਜੀਹ ਦੇਂਦੇ ਹਨ। ਉਹ ਕਹਿੰਦੇ ਹਨ ਕਿ ਲਤਾ ਸੋਗ ਵਿੱਚ ਡੁੱਬੇ ਹੋਏ ਬੈਠਵੀਂ ਲੈ ਵਿੱਚ ਗਾਏ ਜਾਣ ਵਾਲੇ ਗੀਤਾਂ ਵਾਸਤੇ ਬੇਜੋੜ ਹੈ। ਐਸ ਮਹਿੰਦਰ ਗੀਤਾ ਦੱਤ ਨੂੰ ਵੀ ਇੱਕ ਉੱਚ ਕੋਟੀ ਦੀ ਗਾਇਕਾ ਸਮਝਦੇ ਹਨ। ਉਸਦੀ ਆਵਾਜ਼ ਵਿੱਚ ਇੱਕ ਨਿਖੜਵਾਂ ਬੰਗਾਲੀਪਨ ਜ਼ਰੂਰ ਸੀ। ਪਰ ਉਸਦੀ ਆਵਾਜ਼ ਦਾ ਇਹ ਬੰਗਾਲੀਪਨ ਉਸ ਵਾਸਤੇ ਕੋਈ ਦੁਸ਼ਵਾਰੀ ਨਹੀਂ ਬਣਿਆ। ਉਹ ਪੂਰੀ ਤਰ੍ਹਾਂ ਤਰਬੀਅਤ ਯਾਫ਼ਤਾ ਗਾਇਕਾ ਸੀ। ਉਸਦੀ ਵੀ ਖਾਸੀਅਤ ਚੰਚਲ ਗੀਤਾਂ ਦੀ ਗਾਇਕੀ ਹੀ ਸੀ। ਐਸ. ਮੁਹਿੰਦਰ ਨੇ ਸੁਰਿੰਦਰ ਕੌਰ ਕੋਲੋਂ ਵੀ ਫਿਲਮਾਂ ਵਿੱਚ ਗੀਤ ਗਵਾਏ ਹਨ। ਪਰ ਸੁਰਿੰਦਰ ਕੌਰ 1952 ਵਿੱਚ ਹੀ ਬੰਬਈ ਛੱਡ ਕੇ ਦਿੱਲੀ ਚਲੀ ਗਈ ਸੀ। ਐਸ. ਮੁਹਿੰਦਰ ਨੇ ਵਧੇਰੇ ਕਰਕੇ ਫਿਲਮ ਸੰਗੀਤ 1952 ਤੋਂ ਬਾਅਦ ਹੀ ਦਿੱਤਾ ਹੈ। ਸ਼ਮਸ਼ਾਦ ਬੇਗਮ ਅਤੇ ਸੁਰਿੰਦਰ ਕੌਰ ਬਾਰੇ ਐਸ ਮਹਿੰਦਰ ਦਸਦੇ ਹਨ ਕਿ ਦੋਵੇਂ ਹੀ ਪੱਕੀਆਂ ਪੰਜਾਬਣਾਂ ਹਨ ਅਤੇ ਪੰਜਾਬੀ ਢੰਗ ਵਿੱਚ ਜ਼ੋਰ ਲਾ ਕੇ ਗਾਉਂਦੀਆਂ ਹਨ। ਓਹਨਾਂ ਦੇ ਕਥਨ ਅਨੁਸਾਰ ਇਹਨਾਂ ਦੀਆਂ ਆਵਾਜ਼ਾਂ ਟੱਲੀ ਵਾਂਗੂ ਟਣਕਦੀਆਂ ਹਨ। ਦਿੱਲੀ ਆ ਕੇ ਸੁਰਿੰਦਰ ਕੌਰ ਪੰਜਾਬੀ ਗੀਤਾਂ ਜੋਗੀ ਹੀ ਰਹਿ ਗਈ ਪਰ ਸ਼ਮਸ਼ਾਦ ਬੇਗਮ ਬੰਬਈ ਹੀ ਟਿਕੀ ਰਹੀ ਅਤੇ ਪੰਜਾਬੀ ਫਿਲਮ ਦੀ ਉਹ ਇੱਕ ਨੰਬਰ ਦੀ ਗਾਇਕਾ ਬਣ ਗਈ। ਨਾਲੋ ਨਾਲ ਹੀ ਉਹ ਹਿੰਦੀ ਅਤੇ ਉਰਦੂ ਫਿਲਮਾਂ ਵਿੱਚ ਵੀ ਗਾਉਂਦੀ ਰਹੀ। ਕੁੱਲ ਮਿਲ ਕੇ ਸ਼ਮਸ਼ਾਦ ਨੇ ਸੁਰਿੰਦਰ ਕੌਰ ਨਾਲੋਂ ਵੱਧ ਗੀਤ ਗਾਏ ਹਨ। ਪਰ ਪੰਜਾਬੀ ਵਿੱਚ ਸੁਰਿੰਦਰ ਕੌਰ ਅਤੇ ਨੂਰਜਹਾਂ ਨੇ ਸਭ ਤੋਂ ਵੱਧ ਗੀਤ ਗਾਏ ਹਨ। ਸ਼ਮਸ਼ਾਦ ਅਤੇ ਸੁਰਿੰਦਰ ਕੌਰ ਵਾਸਤੇ ਜਦੋਂ ਵੀ ਐਸ. ਮੁਹਿੰਦਰ ਨੇ ਗੀਤ ਦੀ ਤਰਜ਼ ਬਣਾਈ ਹੈ ਉਹਨਾਂ ਨੇ ਵਿਸ਼ੇਸ਼ ਤੌਰ ਤੇ ਖਿਆਲ ਰੱਖਿਆ ਹੈ ਕਿ ਤਰਜ ਦਾ ਸਰੂਪ ਪੰਜਾਬ ਦੇ ਲੋਕ ਸੰਗੀਤ ਤੇ ਆਧਾਰਿਤ ਹੋਵੇ। ਐਸ. ਮੁਹਿੰਦਰ ਦੇ ਅਨੁਸਾਰ ਮਹਿੰਦਰ ਕਪੂਰ ਵੀ ਅੱਛੇ ਹਨ, ਪਰ ਉਹ ਮੁਹੰਮਦ ਰਫੀ ਦੇ ਪਰਛਾਵੇਂ ਤੋਂ ਬਾਹਰ ਨਹੀਂ ਆ ਸਕੇ। ਉਹਨਾਂ ਨੂੰ ਰਫੀ ਦੇ ਜੀਵਨ ਕਾਲ ਸਮੇਂ ਰਫੀ ਦਾ ਸਸਤਾ ਵਿਕਲਪ ਸਮਝਿਆ ਜਾਂਦਾ ਸੀ। ਲੇਕਿਨ ਪੰਜਾਬੀ ਗੀਤਾਂ ਵਿੱਚ ਮਹਿੰਦਰ ਕਪੂਰ ਨੇ ਵੀ ਬੜੀ ਅੱਛੀ ਕਾਰਜਕਰਦਗੀ ਵਿਖਾਈ ਹੈ। ਫਿਲਮ "ਗੀਤ ਬਹਾਰਾਂ ਦੇ" ਵਿੱਚ ਮਹਿੰਦਰ ਕਪੂਰ ਨੇ ਵਧੀਆ ਗਾਇਕ ਹੋਣ ਦਾ ਸਬੂਤ ਦਿੱਤਾ ਏ।

ਐਸ. ਮੁਹਿੰਦਰ ਜੀ ਨੇ ਜਿਹਨਾਂ 75 ਦੇ ਕਰੀਬ ਫ਼ਿਲਮਾਂ ਵਿੱਚ ਸੰਗੀਤ ਦਿੱਤਾ ਹੈ ਉਹਨਾਂ ਵਿੱਚੋਂ ਸਭ ਦੇ ਨਾਓਂ ਲਿਖਣੇ ਏਸ ਸਮੇਂ ਸੰਭਵ ਨਹੀਂ। ਪਰ ਜਿੰਨੇ ਇਸ ਲੇਖਕ ਨੂੰ ਯਾਦ ਹਨ ਉਹ ਇਸ ਪ੍ਰਕਾਰ ਹਨ। ਉਹਨਾਂ ਦੀਆਂ 1949 ਅਤੇ 1950 ਦੀਆਂ

ਫਿਲਮਾਂ ਸਨ : ਗੀਤ ਔਰ ਆਂਸੂ, ਸੇਹਰਾ, ਜੀਵਨ ਸਾਥੀ, ਸ਼ਾਦੀ ਦੀ ਰਾਤ ਅਤੇ ਨੀਲੀ। ਹੋਰ ਫਿਲਮਾਂ ਵਿੱਚ ਸਨ ਬਹਾਦੁਰ, ਪਾਪੀ (ਨਰਗਿਸ ਰਾਜ ਕਪੂਰ), ਸ੍ਰੀਮਤੀ ਜੀ, ਸ਼ਹਿਜ਼ਾਦਾ, ਕਾਰਵਾਂ, ਪਤਾਲ ਪਰੀ, ਅਲਾਦੀਨ ਕਾ ਬੇਟਾ, ਨਾਤਾ, ਮਹਿਲੋਂ ਕੇ ਖ਼ਵਾਬ, ਘਰ ਜਵਾਈ, ਸ਼ੀਰੀ ਫ਼ਰਹਾਦ, ਨੈਆ ਪੈਸਾ, ਜ਼ਮੀਨ ਕੇ ਤਾਰੇ, ਰਿਪੋਟਰ ਰਾਜੂ, ਸੁਨ ਤੋ ਲੇ ਹਸੀਨਾ, ਸਾਤ ਲੜਕੇ ਸਾਤ ਲੜਕੀਆਂ, ਪਿਕਨਿਕ, ਕੈਪਟਨ ਸ਼ੇਰੂ, ਸਰਹੱਦ ਕੇ ਉਸ ਪਾਰ, ਦਹੇਜ, ਵੀਰ ਅਰਜੁਨ, ਜੈ ਭਵਾਨੀ ਅਤੇ ਖੂਬਸੂਰਤ ਧੋਖਾ।

ਪੰਜਾਬੀ ਦੀਆਂ 28 ਫਿਲਮਾਂ ਵਿੱਚ ਐਸ. ਮੁਹਿੰਦਰ ਨੇ ਸੰਗੀਤ ਦਿੱਤਾ। ਇਹਨਾਂ ਵਿੱਚੋਂ ਕੁਝ ਇੱਕ ਦੇ ਨਾਂਓ ਇਸ ਪ੍ਰਕਾਰ ਹਨ। ਪਰਦੇਸੀ ਢੋਲਾ, ਚੰਬੇ ਦੀ ਕਲੀ, ਤੇਰੀ ਮੇਰੀ ਇੱਕ ਜਿੰਦੜੀ ਨਾਨਕ ਨਾਮ ਜਹਾਜ਼ ਹੈ, ਦੁੱਖ ਭੰਜਨ ਤੇਰਾ ਨਾਮ, ਮਨ ਜੀਤੇ ਜਗ ਜੀਤ, ਸੁਖੀ ਪਰਿਵਾਰ, ਦਾਜ, ਲਾਡਲੀ, ਫ਼ੌਜੀ ਚਾਚਾ, ਸੰਤੋ ਬੰਤੋ, ਦਿਲ ਮੇਰਾ ਮੋੜ ਦੇ, ਰੱਬ ਰਾਖਾ, ਮੌਲਾ ਜੱਟ।

ਐਸ. ਮਹਿੰਦਰ ਦੇ ਇਲਾਵਾ ਦੋ ਹੋਰ ਸਿੱਖ ਨਿਰਦੇਸ਼ਕ ਮਸ਼ਹੂਰ ਹੋਏ ਹਨ। ਉਹ ਹਨ। ਸਰਦੂਲ ਸਿੰਘ ਕਵਾਤੜਾ ਜਿਸਨੂੰ ਫ਼ਿਲਮਾਂ ਵਿੱਚ ਸਰਦੂਲ ਕਵਾਤੜਾ ਨਾਂਓ ਨਾਲ ਜਾਣਿਆ ਜਾਂਦਾ ਹੈ ਅਤੇ ਮਸ਼ਹੂਰ ਗਜ਼ਲ ਗਾਇਕ ਜਗਜੀਤ ਸਿੰਘ। ਜਗਜੀਤ ਸਿੰਘ, ਦਾ ਦਾ ਫਿਲਮ ਸੰਗੀਤ ਦੇਣ ਦਾ ਢੰਗ ਸਭ ਤੋਂ ਨਿਰਾਲਾ ਹੈ। ਉਹ ਲੋਕ ਰੁਚੀ ਦੀ ਉੱਕਾ ਹੀ ਪ੍ਰਵਾਹ ਨਹੀਂ ਕਰਦੇ। ਉਹ ਬੜਾ ਗੰਭੀਰ ਅਤੇ ਸੰਜੀਦਾ ਸੰਗੀਤ ਦੇਂਦੇ ਹਨ। ਉਹਨਾਂ ਦੇ ਸੰਗੀਤ ਨੂੰ ਸਮਝਣ ਵਾਲਿਆਂ ਦੀ ਗਿਣਤੀ ਵੀ ਬੜੀ ਹੀ ਘੱਟ ਏ। ਉਹਨਾਂ ਦਾ "ਦੀਵਾ ਬਲੇ ਸਾਰੀ ਰਾਤ" ਦਾ ਸੰਗੀਤ ਹੀ ਲੈ ਲਓ, ਏਨਾ ਵਧੀਆ ਸੰਗੀਤ ਹੋਣ ਦੇ ਬਾਵਜੂਦ ਇਹ ਸੰਗੀਤ ਲੋਕ ਪ੍ਰੀਯ ਨਹੀਂ ਹੋ ਸਕਿਆ। ਮੁਕਾਬਲੇ ਵਿੱਚ ਸਰਦੂਲ ਅਜਿਹਾ ਸੰਗੀਤ ਦੇਂਦੇ ਹਨ ਜੋ ਸੁਣਨ ਵਾਲੇ ਦੇ ਅੰਦਰ ਬਦੋ ਬਦੀ ਧੱਸ ਜਾਏ। ਸਰਦੂਲ ਕਵਾਤੜਾ ਦਾ "ਪੋਸਤੀ", "ਕੌਡੇ ਸ਼ਾਹ", "ਵਣਜਾਰਾ" ਅਤੇ "ਬਿੱਲੋ" ਨਾਵਾਂ ਦੀਆਂ ਪੰਜਾਬੀ ਫਿਲਮਾਂ ਦਾ ਸੰਗੀਤ ਬੱਚੇ ਬੱਚੇ ਦੀ ਜ਼ਬਾਨ ਤੇ ਸੀ। ਸਰਦੂਲ ਕਵਾਤੜਾ ਵਲੋਂ ਦਿੱਤਾ ਉਰਦੂ ਫਿਲਮ "ਮਿਰਜ਼ਾ ਸਾਹਿਬਾ" ਦਾ ਸੰਗੀਤ ਬੜਾ ਹੀ ਵਧੀਆ ਸੀ ਪਰ ਉਹ ਵੀ ਏਨਾ ਨਹੀਂ ਚਲ ਸਕਿਆ ਜਿੰਨਾਂ ਚੱਲਣਾ ਉਸਨੂੰ ਚਾਹੀਦਾ ਸੀ। ਐਸ. ਮੁਹਿੰਦਰ ਨੇ ਇੱਕ ਤਾਂ ਸਰਦੂਲ ਕਵਾਤੜਾ ਅਤੇ ਜਗਜੀਤ ਸਿੰਘ ਵਲੋਂ ਦਿੱਤੇ ਕੁਲ ਸੰਗੀਤ ਤੋਂ ਦੁੱਗਣੀਆਂ ਤੋਂ ਵੀ ਵੱਧ ਫਿਲਮਾਂ ਵਿੱਚ ਸੰਗੀਤ ਦਿੱਤਾ ਹੈ। ਦੂਜੇ ਐਸ ਮੁਹਿੰਦਰ ਦੀਆਂ ਫਿਲਮਾਂ ਦਾ ਸੰਗੀਤ ਲੋਕ ਪ੍ਰੀਯ ਬੜਾ ਹੋਇਆ ਹੈ।

ਚਲੋ ਬਾਕੀ ਸਾਰੀਆਂ ਫਿਲਮਾਂ ਛੱਡ ਲਓ ਕੇਵਲ "ਸ਼ੀਰੀ ਫ਼ਰਹਾਦ" ਅਤੇ ਅਤੇ "ਨਾਨਕ ਨਾਮ ਜਹਾਜ਼ ਹੈ" ਨੂੰ ਹੀ ਲੈ ਲਓ। ਇਹਨਾਂ ਦੋਹਾਂ ਫਿਲਮਾਂ ਦਾ ਸੰਗੀਤ ਆਪਣੇ ਆਪਣਾ ਸਾਲ ਦਾ ਸਰਬੋਤਮ ਸੰਗੀਤ ਸੀ। "ਸ਼ੀਰੀ ਫ਼ਰਹਾਦ" ਦੇ ਸਾਰੇ ਹੀ ਗੀਤ ਬਿਨਾਕਾ ਗੀਤ ਮਾਲਾ ਦੇ ਸਪਤਾਹ ਦੇ 16 ਲੋਕ ਪ੍ਰੀਯ ਗੀਤਾਂ ਵਿੱਚ ਸ਼ਾਮਿਲ ਹੁੰਦੇ ਰਹੇ ਹਨ।

ਪੰਜਾਬੀ ਫ਼ਿਲਮ ਸੰਗੀਤ ਚਾਰ ਨਿੱਖੜਵੇਂ ਸਮਿਆਂ ਵਿੱਚ ਵੰਡਿਆ ਜਾ ਸਕਦਾ ਏ। ਪਹਿਲਾ ਭਾਗ ਹੈ 1939 ਤੋਂ 1947 ਤੱਕ ਲਹੌਰ ਦਾ। ਇਸ ਸਮੇਂ ਦੌਰਾਨ ਮਾਸਟਰ ਗ਼ੁਲਾਮ ਹੈਦਰ ਪਹਿਲੇ ਪੰਜਾਬੀ ਦੇ ਸੰਗੀਤ ਨਿਰਦੇਸ਼ਕ ਹੋਏ ਹਨ। ਉਹਨਾਂ ਨੇ ਪਹਿਲੀ ਪੰਜਾਬੀ ਫਿਲਮ "ਯਮਲਾ ਜੱਟ" ਜੋ ਪੰਚੋਲੀ ਆਰਟ ਪ੍ਰੋਡਕਸ਼ਨਜ਼ ਦੇ ਝੰਡੇ ਥੱਲੇ ਬਣੀ ਵਿਚ ਸੰਗੀਤ ਦਿੱਤਾ ਅਤੇ ਸ਼ਮਸ਼ਾਦ ਬੇਗਮ ਅਤੇ ਨੂਰਜਹਾਂ ਨੂੰ ਲੱਭ ਕੇ ਫਿਲਮ ਮੰਚ ਤੇ ਲਿਆਂਦਾ। ਉਸ ਤੋਂ ਬਾਅਦ ਉਹਨਾਂ ਨੇ ਹੀ 1943 ਤੱਕ ਦੋ ਹੋਰ ਪੰਜਾਬੀ ਫਿਲਮਾਂ ਵਿਚ ਸੰਗੀਤ ਦਿੱਤਾ। ਇਹ ਸਨ 'ਗੁਲ ਬਕੌਣੀ' ਅਤੇ "ਗੁਲ ਬਕੌਣੀ" ਅਤੇ "ਗੁਲ ਬਲੋਚ"। ਇਸ ਤੋਂ ਬਾਅਦ ਗਲਾਮ ਹੈਦਰ ਬੰਬਈ ਚਲੇ ਗਏ। ਫੇਰ ਖ਼ਵਾਜ਼ਾ ਖੁਰਸ਼ੀਦ ਅਨਵਰ, ਪੰਡਤ ਅਮਰਨਾਥ ਅਤੇ ਪੰਡਿਤ ਗੋਬਿੰਦ ਰਾਮ ਮੈਦਾਨ ਵਿਚ ਉਤਰੇ। ਖ਼ੁਰਸ਼ੀਦ ਅਨਵਰ ਵੀ ਬੰਬਈ ਦੇ ਚੱਕਰਾਂ ਵਿਚ ਸਨ। ਪਰ ਪੰਡਿਤ ਅਮਰਨਾਥ ਅਤੇ ਪੰਡਿਤ ਗੋਬਿੰਦ ਰਾਮ ਨੇ 1941 ਤੋਂ ਕਮਾਲ ਦਾ ਸੰਗੀਤ ਦਿੱਤਾ। ਗ਼ੁਲਾਮ ਹੈਦਰ ਦੀਆਂ ਤਿੰਨਾਂ ਹੀ ਫ਼ਿਲਮਾਂ ਦੇ ਕੁਝ ਗੀਤ ਇਸ ਲਖਕ ਕੋਲ ਹਨ। ਪਰ ਸਿਵਾਏ ਪੰਡਿਤ ਗੋਬਿੰਦ ਰਾਮ ਦੀ ਫਿਲਮ "ਮੰਗਤੀ" ਦੇ ਗੀਤਾ ਦੇ ਜੋ ਮੇਰੇ ਕੋਲ ਹਨ ਹੋਰ ਕੋਈ 1947 ਤੋਂ ਪਹਿਲਾਂ ਦਾ ਪੰਜਾਬੀ ਫਿਲਮ ਗੀਤ ਕਿਤਿਓਂ ਨਹੀਂ ਮਿਲਦਾ।

ਦੂਜਾ ਭਾਗ ਹੈ ਬਟਵਾਰੇ ਤੋਂ ਬਾਅਦ ਦਾ। ਇਹ ਹੈ 1947 ਤੋਂ 1952 ਤੱਕ ਦਾ ਸਮਾਂ, ਇਹ ਸਮਾਂ ਪੰਜਾਬੀ ਫਿਲਮ ਸੰਗੀਤ ਦਾ ਸੁਨਹਿਰੀ ਯੁਗ ਹੈ। ਇਸ ਸਮੇਂ ਨੇ ਵਿਨੋਦ, ਮਾਸਟਰ ਹੰਸ ਰਾਜ ਬਹਿਲ, ਉਸਤਾਦ ਅੱਲਾ ਰੱਖਾ ਕੁਰੈਸ਼ੀ ਅਤੇ ਸਰਦੂਲ ਕਵਾਤੜਾ ਨੂੰ ਇੱਕ ਦੂਜੇ ਦੇ ਮੁਕਾਬਲੇ ਵਿੱਚ ਲਿਆ ਕੇ ਖੜ੍ਹਾ ਕਰ ਦਿੱਤਾ। ਇਸ ਸਮੇਂ ਦਾ ਸੰਗੀਤ ਹੁਣ ਤੱਕ ਦਾ ਪੰਜਾਬੀ ਫਿਲਮਾਂ ਦਾ ਸਰਬੋਤਮ ਸੰਗੀਤ ਹੈ।

ਫੇਰ ਆਇਆ ਮਾਸਟਰ ਹੰਸ ਰਾਜ ਬਹਿਲ ਦਾ 1952 ਤੋਂ 1962 ਤੱਕ ਦਾ ਦਹਾਕਾ ਇਸ ਸਮੇਂ ਦੌਰਾਨ ਸਿਵਾਏ ਇੱਕੜ ਦੁੱਕੜ ਸਰਦੂਲ ਕਵਾਤੜਾ ਦੀਆਂ ਫਿਲਮਾਂ ਦੇ ਬਾਕੀ ਦਾ ਸਾਰਾ ਹੀ ਸੰਗੀਤ ਹੰਸ ਰਾਜ ਬਹਿਲ ਨੇ ਤਿਆਰ ਕੀਤਾ।

ਇਸ ਤੋਂ ਬਾਅਦ ਆਉਂਦਾ ਹੈ ਐਸ. ਮੁਹਿੰਦਰ ਦਾ 1962 ਤੋਂ 1977 ਤੱਕ ਦਾ ਯੁੱਗ। ਇਸ ਪੰਦਰਾਂ ਸਾਲਾ ਅਰਸੇ ਵਿੱਚ ਐਸ. ਮੁਹਿੰਦਰ ਨੇ ਹਿੰਦੀ ਫਿਲਮਾਂ ਛੱਡ ਕੇ ਪੰਜਾਬੀ ਫਿਲਮਾਂ ਦਾ ਸੰਗੀਤ ਦੇਣਾ ਸ਼ੁਰੂ ਕੀਤਾ। ਦੋ ਤਿੰਨ ਸਾਲ ਵਿੱਚ ਹੀ ਉਹ ਮਾਸਟਰ ਹੰਸ ਰਾਜ ਬਹਿਲ ਨੂੰ ਪਿਛਾੜ ਕੇ ਅਗਾਂਹ ਲੰਘ ਗਏ।

ਫ਼ਿਲਮ "ਪਰਦੇਸੀ ਢੋਲਾ" ਨੇ ਪਹਿਲੀ ਵਾਰੀ ਐਸ. ਮੁਹਿੰਦਰ ਦੀ ਪ੍ਰਤਿਭਾ ਦਾ ਸਬੂਤ ਪੇਸ਼ ਕੀਤਾ। "ਚੰਬੇ ਦੀ ਕਲੀ" ਦਾ ਸੰਗੀਤ ਭੀ ਯਾਦ ਰੱਖਣ ਵਾਲਾ ਹੈ। ਮਾਸਟਰ ਹੰਸ ਰਾਜ ਬਹਿਲ ਇੱਕ ਖ਼ਾਸ ਕਿਸਮ ਦੀਆਂ ਤਰਜ਼ਾਂ ਤੇ ਹੀ ਮਹਿਦੂਦ ਰਹਿ ਗਏ ਸਨ। ਪਰ ਐਸ. ਮੁਹਿੰਦਰ ਨੇ ਪੰਜਾਬ ਦੇ ਲੋਕ ਸੰਗੀਤ ਅਤੇ ਪੰਜਾਬ ਦੇ ਸ਼ਾਸਤਰੀਆ ਸੰਗੀਤ ਦੇ ਦਰਮਿਆਨ ਇੱਕ ਪੁਲ ਬੰਨ੍ਹ ਕੇ ਪੰਜਾਬੀ ਫਿਲਮ ਸੰਗੀਤ ਨੂੰ ਉੱਚੀਆਂ ਬੁਲੰਦੀਆਂ ਤੱਕ ਪਹੁੰਚਾ ਦਿੱਤਾ। ਪਰ ਐਸ. ਮਹਿੰਦਰ ਦੀ ਅਸਲ ਪ੍ਰਤੀਭਾ ਅਜੇ ਛੁਪੀ ਹੀ ਪਈ ਸੀ। ਜੋ

ਕੁਝ ਉਹਨਾਂ ਨੇ ਸੰਤ ਬਾਬਾ ਸੁਜਾਨ ਸਿੰਘ ਜੀ ਦੇ ਡੇਰੇ ਤੋਂ ਪ੍ਰਾਪਤ ਕੀਤਾ ਸੀ ਜਾਂ ਉਹ ਸੰਗੀਤ ਜੋ ਉਹਨਾਂ ਨੇ ਭਾਈ ਸਮੁੰਦ ਸਿੰਘ ਜੀ ਪਾਸੋਂ ਗ੍ਰਹਿਣ ਕੀਤਾ ਸੀ ਉਸਦੀ ਝਲਕ ਵਿਖਾਉਣੀ ਅਜੇ ਬਾਕੀ ਸੀ।

ਸਾਲ 1969 ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜਨਮ ਸ਼ਤਾਬਦੀ ਦਾ ਸਾਲ ਸੀ। ਇਸ ਮੌਕੇ ਤੇ ਅੰਮ੍ਰਿਤਸਰ ਵਿੱਚ ਜੰਮੇ ਪਲੇ ਪੰਨਾ ਲਾਲ ਮਹੇਸ਼ਵਰੀ ਅਤੇ ਰਾਮ ਮਹੇਸ਼ਵਰੀ ਜਿਨ੍ਹਾਂ ਦਾ ਪਿਛੋਕੜ ਸਿੰਧ (ਪਾਕਿਸਤਾਨ) ਦਾ ਹੈ ਨੇ ਗੁਰੂ ਨਾਨਕ ਦੇਵ ਜੀ ਦੀ ਯਾਦ ਨੂੰ ਸਮਰਪਿਤ ਇੱਕ ਫਿਲਮ ਬਣਾਉਣ ਦਾ ਫੈਸਲਾ ਕੀਤਾ। ਉਹਨਾਂ ਨੇ ਸੰਗੀਤ ਨਿਰਦੇਸ਼ਕ ਐਸ. ਮਹਿੰਦਰ ਨਾਲ ਮਸ਼ਵਰਾ ਕੀਤਾ ਕਿ ਕਿਸ ਕਿਸਮ ਦੀ ਫ਼ਿਲਮ ਬਣਾਈ ਜਾਵੇ। ਐਸ. ਮਹਿੰਦਰ ਸਿੱਖ ਹੋਣ ਦੇ ਨਾਤੇ ਆਪਣੀ ਕੌਮ ਦੀਆਂ ਪਰਵਿਰਤੀਆਂ ਤੋਂ ਬਾਖ਼ੂਬੀ ਵਾਕਿਫ ਸਨ। ਉਹਨਾਂ ਨੇ ਮਹੇਸ਼ਵਰੀ ਪਰਿਵਾਰ ਨੂੰ ਖ਼ਬਰਦਾਰ ਕੀਤਾ ਕਿ ਕਿਸੇ ਵੀ ਸਿੱਖ ਵਿਸ਼ੇ ਤੇ ਕੋਈ ਫਿਲਮ ਬਣਾਉਣ ਤੋਂ ਪਹਿਲਾਂ ਦਸ ਵਾਰੀ ਸੋਚਣਾ ਪਵੇਗਾ। ਸਿੱਖ ਕੌਮ ਬੜੀ ਜਜ਼ਬਾਤੀ ਕੌਮ ਹੈ, ਬੜੀ ਹੀ ਪਿਆਰ ਵਾਲੀ ਹੈ, ਪਰ ਇਸ ਦੇ ਜਜ਼ਬਾਤ ਨੂੰ ਠੇਸ ਵੀ ਬੜੀ ਜਲਦੀ ਲਗਦੀ ਹੈ। ਉਹਨਾਂ ਨੇ ਸੋਹਰਾਬ ਮੋਦੀ ਦੀ ਕਹਾਣੀ ਮਹੇਸ਼ਵਰੀਆਂ ਨੂੰ ਦੱਸੀ। ਸੋਹਰਾਬ ਮੋਦੀ ਭਾਰਤ ਦੇ ਉਸ ਵਕਤ ਦੇ ਚੋਟੀ ਦੇ ਫ਼ਿਲਮ ਨਿਰਮਾਤਾ ਸਨ। ਇੱਕ ਵਾਰੀ ਉਹਨਾਂ ਦੇ ਮਨ ਵਿੱਚ ਵਿਚਾਰ ਆਈ ਕਿ ਉਹ ਮਹਾਰਾਜਾ ਰਣਜੀਤ ਸਿੰਘ ਉੱਪਰ ਇੱਕ ਫ਼ਿਲਮ ਬਣਾਉਣ। ਜਦੋਂ ਇਹ ਖ਼ਬਰ ਪੰਜਾਬ ਪਹੁੰਚੀ ਤਾਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਇੱਕ ਸਖ਼ਤ ਪੱਤਰ ਸੋਹਰਾਬ ਮੋਦੀ ਨੂੰ ਲਿਖਿਆ ਸ਼੍ਰੋਮਣੀ ਕਮੇਟੀ ਨੇ ਪੱਤਰ ਵਿੱਚ ਸੋਹਰਾਬ ਮੋਦੀ ਤੋਂ ਇਹ ਵੀ ਪਤਾ ਕਰਨਾ ਚਾਹਿਆ ਕਿ ਮਹਾਰਾਜਾ ਰਣਜੀਤ ਸਿੰਘ ਕੌਣ ਬਣੇਗਾ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਮਹਾਰਾਜਾ ਰਣਜੀਤ ਸਿੰਘ ਦਾ ਰੋਲ ਕਿਸੇ ਵੀ ਸ਼ਖ਼ਸ ਕੋਲੋਂ ਕਰਵਾਉਣ ਉੱਤੇ ਸਖ਼ਤ ਇਤਰਾਜ਼। ਸੋਹਰਾਬ ਮੋਦੀ ਖ਼ੁਦ ਮਹਾਰਾਜਾ ਰਣਜੀਤ ਸਿੰਘ ਬਣਨਾ ਚਾਹੁੰਦੇ ਸਨ। ਜਦੋਂ ਅਜਿਹਾ ਕਰਨ ਦੀ ਮਨਜ਼ੂਰੀ ਨਾ ਮਿਲੀ ਤਾਂ ਸੋਹਰਾਬ ਮੋਦੀ ਨੇ ਮਹਾਰਾਜਾ ਰਣਜੀਤ ਬਾਰੇ ਫਿਲਮ ਬਣਾਉਣ ਦਾ ਮਨਸੂਬਾ ਤਰਕ ਕਰ ਦਿੱਤਾ। ਐਸ. ਮਹਿੰਦਰ ਪਾਸੋਂ ਸੋਹਰਾਬ ਮੋਦੀ ਦੇ ਮਨਸੂਬੇ ਬਾਰੇ ਇਹ ਸਾਰਾ ਕੁਝ ਸੁਣਕੇ ਮਹੇਸ਼ਵਰੀ ਕਾਫ਼ੀ ਘਬਰਾ ਗਏ।

ਐਸ. ਮਹਿੰਦਰ ਜੀ ਨੇ ਮਹੇਸ਼ਵਰੀ ਪਰਿਵਾਰ ਨੂੰ ਸਲਾਹ ਦਿੱਤੀ ਕਿ ਫਿਲਮ ਦਾ ਦਾ ਨਾਉਂ ਭਾਵੇਂ ਗੁਰੂ ਨਾਨਕ ਦੇਵ ਜੀ ਨਾਲ ਜੋੜ ਲਵੋ ਪਰ ਕੋਈ ਵੀ ਵਿਅਕਤੀ ਗੁਰੂ ਨਾਨਕ ਦੇਵ ਜੀ ਨਾਲ ਜੋੜ ਲਵੋ, ਪਰ ਕੋਈ ਵੀ ਵਿਅਕਤੀ ਗੁਰੂ ਨਾਨਕ ਦੇਵ ਜੀ ਦਾ ਰੋਲ ਬਿਲਕੁਲ ਨਾ ਕਰੇ ਖੈਰ ਐਸ. ਮਹਿੰਦਰ ਦੇ ਮਸ਼ਵਰੇ ਅਨੁਸਾਰ "ਨਾਨਕ ਨਾਮ ਜਹਾਜ਼ ਹੈ" ਨਾਉਂ ਦੀ ਫਿਲਮ ਬਣਾਉਣ ਦਾ ਮਨਸੂਬਾ ਬਣ ਗਿਆ। ਇਸ ਮਨਸੂਬੇ ਦੇ ਸੰਬੰਧ ਵਿੱਚ ਇੱਕ ਵਾਰ ਫੇਰ ਖ਼ੂਬ ਬਹਿਸ ਚੱਲ ਪਈ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਇੱਕ ਵਾਰੀ ਫ਼ਰ ਸਕਰੀਅ ਹੋ ਗਈ। ਉਹਨਾਂ ਨੇ ਮਹੇਸ਼ਵਰੀ ਪਰਿਵਾਰ ਨਾਲ ਕਈ

ਬੈਠਕਾਂ ਕੀਤੀਆਂ। ਸਾਰੀ ਕਹਾਣੀ ਉੱਪਰ ਖੁਲ੍ਹਾ ਵਿਚਾਰ ਵਟਾਂਦਰਾ ਹੋਇਆ ਅੰਤ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹਸਬ ਮਨਸ਼ਾ ਫਿਲਮ ਬਣਾਉਣ ਦੀ ਮਨਜ਼ੂਰੀ ਮਿਲ ਗਈ। ਇਸ ਤੋਂ ਬਾਅਦ ਨਿਹੰਗ ਸਿੰਘ ਬਰਹਮ ਹੋ ਗਏ। ਨਿਹੰਗਾਂ ਨੇ ਫ਼ਤਵਾ ਦੇ ਦਿੱਤਾ ਕਿ ਫਿਲਮ ਦੇ ਨਿਰਮਾਤਾ ਅਤੇ ਇਸਦੇ ਮੁੱਖ ਪਾਤਰ ਮੌਤ ਦੇ ਘਾਟ ਉਤਾਰ ਦਿਤੇ ਜਾਣਗੇ ਜੇ ਇਹ ਫਿਲਮ ਬਣਾਈ ਗਈ ਅਤੇ ਪ੍ਰਦਰਸ਼ਿਤ ਕੀਤੀ ਗਈ। ਨਿਹੰਗਾ ਨਾਲ ਬਥੇਰੀ ਵਾਰ ਗੱਲ ਬਾਤ ਕਰਨ ਦੇ ਯਤਨ ਕੀਤੇ ਗਏ ਪਰ ਉਹ ਨਾ ਮੰਨੇ।

ਮਹੇਸ਼ਵਰੀਆਂ ਨੇ ਸੋਚਿਆ ਕਿ ਖ਼ਤਰੇ ਦਾ ਸਾਹਮਣਾ ਕਰ ਹੀ ਲਈਏ। ਉਹਨਾਂ ਨੇ ਨਿਹੰਗਾਂ ਦੀ ਅੰਤਮ ਮਨਜ਼ੂਰੀ ਤੋਂ ਬਿਨਾਂ ਹੀ ਫਿਲਮ ਬਣਾਉਣ ਦਾ ਫੈਸਲਾ ਕਰ ਲਿਆ। ਮੌਕੇ ਦੀ ਨਜ਼ਾਰਤ ਨੂੰ ਮੁੱਖ ਰੱਖਦ ਹੋਏ ਐਸ ਮਹਿੰਦਰ ਨੇ ਫੈਸਲਾ ਕੀਤਾ ਕਿ ਫਿਲਮ ਦਾ ਟਾਈਟਲ ਸੰਗੀਤ ਉਸ ਸਮੇਂ ਦੇ ਸਿੱਖ ਜਗਤ ਦੇ ਸਿਰਮੌਰ ਕੀਰਤਨੀਏ ਭਾਈ ਸਮੁੰਦ ਸਿੰਘ ਜੀ ਪਾਸੋਂ ਗੁਰਬਾਣੀ ਗਾਇਨ ਕਰਵਾ ਕੇ ਕੀਤਾ ਜਾਏ।

ਭਾਈ ਸਮੁੰਦ ਸਿੰਘ ਜੀ ਐਸ ਮੁਹਿੰਦਰ ਜੀ ਦੇ ਉਸਤਾਦ ਵੀ ਸਨ ਅਤੇ ਸ਼ੁਭਚਿੰਤਕ ਵੀ। ਉਨ੍ਹਾਂ ਨੇ ਐਸ ਮੁਹਿੰਦਰ ਨੂੰ ਇਹ ਫਿਲਮ ਬਣਾਉਣ ਸੰਬੰਧੀ ਸਹਿਮਤੀ ਦਾ ਇਜ਼ਹਾਰ ਕੀਤਾ। ਪਰ ਜਦੋਂ ਐਸ ਮੁਹਿੰਦਰ ਨੇ ਬੇਨਤੀ ਕੀਤੀ ਕਿ ਫ਼ਿਲਮ ਵਿਚ ਦੋ ਸ਼ਬਦ ਭਾਈ ਸਾਹਿਬ ਦੇ ਆਪਣੇ ਗਾਏ ਹੋਏ ਹੋਣਗੇ ਤਾਂ ਭਾਈ ਸਮੁੰਦ ਸਿੰਘ ਜੀ ਅੜ ਗਏ। ਉਹ ਆਖਣ ਲੱਗੇ ਕਿ ਹੁਣ ਤਾਈਂ ਉਨ੍ਹਾਂ ਨੇ ਕੇਵਲ ਗੁਰਦੁਵਾਰਿਆਂ ਵਿਚ, ਸਿੱਖ ਕਾਨਫਰੰਸਾਂ ਅਤੇ ਘਰਾਂ ਵਿਚ ਹੀ ਕੀਰਤਨ ਕੀਤਾ ਹੈ, ਫਿਲਮ ਵਿਚ ਉਹ ਕੀਰਤਨ ਨਹੀਂ ਕਰਨਗੇ। ਐਸ ਮੁਹਿੰਦਰ ਉਨ੍ਹਾਂ ਦੇ ਚਰਨ ਹੀ ਫੜਕੇ ਬੈਠ ਗਏ। ਉਨ੍ਹਾਂ ਨੇ ਇਹ ਵੀ ਦਲੀਲ ਦਿਤੀ ਕਿ ਜਦੋਂ ਤੁਸੀਂ ਸੱਚਖੰਡ ਵਿਚ ਗੁਰੂ ਮਹਾਰਾਜ ਦੇ ਚਰਨਾਂ ਵਿੱਚ ਬਿਰਾਜੋਗੇ ਉਸ ਵਕਤ ਜੇ ਗੁਰੂ ਸਹਿਬਾਨ ਨੇ ਪੁਛਿਆ ਕਿ ਤੁਸਾਂ ਕੀਰਤਨ ਕਰਨ ਤੋਂ ਕਦੀ ਜਵਾਬ ਵੀ ਦਿੱਤਾ ਹੈ ਤਾਂ ਗੁਰੂ ਮਹਾਰਾਜ ਨੂੰ ਕਿਵੇਂ ਦੱਸੋਗੇ।

ਖ਼ੈਰ ਵਾਰ ਵਾਰ ਅਰਜੋਈਆਂ ਸੁਣ ਕੇ ਭਾਈ ਸਾਹਿਬ ਮੰਨ ਗਏ। ਭਾਈ ਸਾਹਿਬ ਨੇ ਇਸ ਫਿਲਮ ਵਾਸਤੇ ਦੋ ਸ਼ਬਦ ਰਿਕਾਰਡ ਕਰਵਾਏ "ਕਲ ਤਾਰਨ ਗੁਰੂ ਨਾਨਕ ਆਇਆ," ਅਤੇ "ਮਿੱਟੀ ਧੁੰਦ ਜੱਗ ਚਾਨਣ ਹੋਆ ਸਤਿਗੁਰ ਨਾਨਕ ਪ੍ਰਗਟਿਆ"। ਇਹ ਦੋਵੇਂ ਹੀ ਸ਼ਬਦ ਫ਼ਿਲਮ ਦੇ ਸਭ ਤੋਂ ਵਧ ਮਕਬੂਲ ਸ਼ਬਦ ਹੋਏ ਹਨ।

ਪ੍ਰਿਥਵੀ ਰਾਜ ਕਪੂਰ ਨੇ ਫਿਲਮ ਵਿਚ ਕੰਮ ਕਰਨ ਵਾਸਤੇ ਖ਼ੁਦ ਆਪਣੀ ਪੇਸ਼ਕਸ਼ ਦਿੱਤੀ। ਸੁਨੀਲ ਦੱਤ ਨੇ ਆਪਣੇ ਛੋਟੇ ਭਰਾ ਸੋਮਦੱਤ ਨੂੰ ਫ਼ਿਲਮ ਵਿੱਚ ਰੋਲ ਕਰਨ ਵਾਸਤੇ ਰਾਜ਼ੀ ਕੀਤਾ। ਅਭਿਨੇਤਰੀ ਵਿੰਮੀ ਵੀ ਰੋਲ ਕਰਨ ਵਾਸਤੇ ਅੱਗੇ ਆਈ। ਫਿਲਮ ਬੜੀ ਵਧੀਆਂ ਬਣ ਗਈ। ਸੈਨਸਰ ਬੋਰਡ ਨੇ ਵੀ ਬਿਨਾਂ ਇਤਰਾਜ਼ ਜਾਂ ਸ਼ਰਤ ਤੇ ਪ੍ਰਦਰਸ਼ਨ ਵਾਸਤੇ ਮਨਜ਼ੂਰ ਕਰ ਦਿੱਤੀ। ਜਦੋਂ ਫਿਲਮ ਦੇ ਰੀਲੀਜ਼ ਹੋਣ ਦਾ ਸਮਾਂ ਆਇਆ ਤਾਂ ਨਿਹੰਗਾਂ ਨੇ ਇੱਕ ਵਾਰੀ ਫੇਰ ਰੌਲਾ ਰੱਪਾ ਪਾ ਲਿਆ। ਪਹਿਲੇ ਪਹਿਲ ਫਿਲਮ ਭਾਈ ਸਮੁੰਦ ਸਿੰਘ ਜੀ ਅਤੇ ਅਨੇਕਾਂ ਗਿਆਨੀਆਂ ਧਿਆਨੀਆਂ ਨੂੰ ਵਿਖਾਈ। ਜਦੋਂ ਸਭ ਨੇ ਪਰ-

ਵਾਨਗੀ ਦੇ ਦਿਤੇ ਤਾਂ ਫਿਲਮ ਰੀਲੀਜ਼ ਹੋਈ। ਰੀਲੀਜ਼ ਸਮੇਂ ਨਿਹੰਗਾਂ ਅਤੇ ਦਰਸ਼ਕਾਂ ਦੇ ਦਰਮਿਆਨ ਬੇਤਹਾਸ਼ਾ ਪੁਲੀਸ ਤਾਇਨਾਤ ਸੀ। ਲੁਧਿਆਣੇ ਵਿਚ ਫਿਲਮ ਦਾ ਪਹਿਲਾ ਪ੍ਰਦਰਸ਼ਨ ਬੜਾ ਹੀ ਕਾਮਯਾਬ ਰਿਹਾ। ਜਦੋਂ ਇਹ ਖਬਰ ਜਲੰਧਰ ਪੁੱਜੀ ਤਾਂ ਧੜਾਧੜ ਸਾਰੇ ਹੀ ਪੰਜਾਬ ਵਿੱਚ ਰੀਲੀਜ਼ ਹੋ ਗਈ। ਸਾਰੇ ਪੰਜਾਬ ਦੇ ਸਿਨਮਿਆਂ ਵਿੱਚ ਇਸ ਫਿਲਮ ਦੀ ਰਿਕਾਰਡ ਤੋੜਵੀ ਪਰਦਰਸ਼ਨੀ ਹੋਈ। ਪੰਜਾਬ ਤੋਂ ਬਾਹਰ ਵੀ ਹਰਿਆਣਾ, ਦਿੱਲੀ, ਯੂ ਪੀ, ਜੱਮੂ ਕਸ਼ਮੀਰ, ਰਾਜਸਥਾਨ ਅਤੇ ਹਿਮਾਚਲ ਵਿਚ ਇਹ ਫਿਲਮ ਖੂਬ ਚੱਲੀ। ਫਿਲਮ ਦਾ ਸੰਗੀਤ ਇੱਕ ਬੇਮਿਸਾਲ ਕਾਮਯਾਬੀ ਵੱਲ ਪੇਸ਼ ਕਦਮੀਂ ਕਰਨ ਲੱਗਾ।

1970 ਦਾ ਦਹਾਕਾ ਚੜ੍ਹਨ ਵਾਲਾ ਸੀ। ਉਹ ਸਮਾਂ ਭਾਰਤੀ ਸੰਗੀਤ ਦਾ ਬੜਾ ਹੀ ਭੈੜਾ ਸਮਾਂ ਸੀ। ਪੁਰਾਣੇ ਨਿਰਮਾਤਾ ਕੁਝ ਤਾਂ ਗੁਜ਼ਰ ਚੁੱਕੇ ਸਨ ਕੁਝ ਰੀਟਾਇਰ ਹੋ ਕੇ ਗੁਮਨਾਮੀ ਵਿੱਚ ਰਹਿਣ ਲੱਗ ਪਏ ਸਨ। ਨਵੇਂ ਉੱਭਰ ਰਹੇ ਪਰੋਡਿਊਸਰ ਚੰਗੇ ਸੰਗੀਤ ਤੋਂ ਬਹੁਤੇ ਵਾਕਿਫ਼ ਨਹੀਂ ਸਨ। ਤਸਕਰੀ ਤੋਂ ਕਮਾਇਆ ਹੋਇਆ ਧਨ ਵੀ ਫਿਲਮਾਂ ਵਿੱਚ ਲੱਗ ਰਿਹਾ ਸੀ। ਕਾਲੇ ਧਨ ਦੀ ਫਿਲਮਾਂ ਵਿੱਚ ਬਹੁਤਾਤ ਸੀ। ਇਸ ਸਮੇਂ ਵਿੱਚ ਹਿੰਦੀ ਫਿਲਮਾਂ ਵਿੱਚ ਅਸ਼ਲੀਲਤਾ ਵਧਣੀ ਸ਼ੁਰੂ ਹੋ ਚੁੱਕੀ ਸੀ ਅਤੇ ਹਿੰਸਾ ਦਾ ਸਹਾਰਾ ਲੈ ਕੇ ਫਿਲਮਾਂ ਨੂੰ ਲੋਕ ਪ੍ਰੀਆਂ ਬਣਾਉਣ ਦੇ ਯਤਨ ਚੱਲ ਪਏ ਸਨ। ਹਿੰਦੀ ਫ਼ਿਲਮ ਸੰਗੀਤ ਵਿੱਚ ਪੱਛਮੀ ਤਰਜ਼ਾਂ ਦੀ ਨਕਲ ਵਧ ਰਹੀ ਸੀ ਅਤੇ ਭਾਰਤੀ ਸ਼ਾਸਤਰੀਆਂ ਅਤੇ ਲੋਕ ਸੰਗੀਤ ਨਜ਼ਰ ਅੰਦਾਜ਼ ਕੀਤਾ ਜਾਣ ਲੱਗਿਆ ਸੀ। ਬੰਗਾਲੀ, ਤਾਮਿਲ, ਤੇਲਗੂ, ਮਲਿਆਲਮ ਅਤੇ ਕੰਨੜ ਫਿਲਮਾਂ ਵਿਚ ਸੰਗੀਤ ਦਾ ਮਿਆਰ ਅਜੇ ਉੱਚਾ ਬਰਕਰਾਰ ਸੀ।

ਕੁਝ ਸਾਲਾਂ ਤੋਂ ਰਾਸ਼ਟਰਪਤੀ ਸਾਰੇ ਸਾਲ ਦੀਆਂ ਸਭ ਬੋਲੀਆਂ ਵਿੱਚ ਬਣੀਆਂ ਫ਼ਿਲਮਾਂ ਵਿੱਚੋਂ ਇੱਕ ਫਿਲਮ ਨੂੰ ਚੁਣ ਕੇ ਸਾਲ ਦੀ ਸਰਬੋਤਮ ਸੰਗੀਤਕ ਫ਼ਿਲਮ ਹੋਣ ਦਾ ਸਨਮਾਨ ਦਿਆ ਕਰਦੇ ਸਨ। ਇਸ ਸਨਮਾਨ ਵਾਸਤੇ ਗਠਿਤ ਕਮੇਟੀ ਦੇ ਨੇ ਸਾਰੇ ਭਾਰਤ ਵਿੱਚ ਬਣੀਆਂ ਸਭ ਬੋਲੀਆਂ ਦੀਆਂ ਸਾਰੀਆਂ ਫਿਲਮਾਂ ਦਾ ਸੰਗੀਤ ਸੁਣਿਆਂ। ਹਿੰਦੀ ਫਿਲਮਾਂ ਵਲੋਂ "ਨਾਨਕ ਨਾਮ ਜਹਾਜ਼ ਹੈ" ਦਾ ਕੋਈ ਮੁਕਾਬਲਾ ਨਹੀਂ ਸੀ। ਫਿਲਮ ਦੇ ਦੋ ਸ਼ਬਦ ਭਾਈ ਸਮੁੰਦ ਸਿੰਘ ਜੀ ਨੇ ਸ਼ੁੱਧ ਰਾਗਾਂ ਵਿਚ ਗਾਏ ਸਨ ਬਾਕੀ ਦੇ ਸ਼ਬਦ ਵੀ ਰਾਗਾਂ ਤੇ ਹੀ ਅਧਾਰਿਤ ਸਨ। ਧੁਨਾਂ ਬੜੀਆਂ ਮਧੁਰ ਸਨ। ਸ਼ਾਸਤਰੀਆ ਸੰਗੀਤ ਦਾ ਇਹ ਫਿਲਮ ਇੱਕ ਸ਼ਾਨਦਾਰ ਨਮੂਨਾ ਸੀ। ਪਰ ਇਸ ਫਿਲਮ ਨੂੰ ਦੱਖਣੀ ਫਿਲਮਾਂ ਵਲੋਂ ਸਖਤ ਮੁਕਾਬਲਾ ਦਰਪੇਸ਼ ਸੀ। ਫੇਰ ਵੀ ਵਿਸ਼ੇਸ਼ਗਿਆਂ ਨੇ ਅੰਤਮ ਫੈਸਲਾ ਇਹ ਕੀਤਾ ਕਿ ਨਾਨਕ ਨਾਮ ਜਹਾਜ਼ ਹੈ ਸਾਲ ਦੀ ਸਰੁੱਤਮ ਫਿਲਮ ਹੈ ਇਹ ਹੁਣ ਤਾਈਂ ਪੰਜਾਬੀ ਦੀ ਪਹਿਲੀ ਅਤੇ ਆਖ਼ਰੀ ਫ਼ਿਲਮ ਸੀ ਜਿਸਨੂੰ ਰਾਸ਼ਟਰਪਤੀ ਦੇ ਸਨਮਾਨ ਨਾਲ ਨਿਵਾਜ਼ਿਆ ਗਿਆ ਹੈ।

ਆਮ ਸਿੱਖਾਂ ਵਿੱਚ ਇਹ ਫਿਲਮ ਐਨੀ ਹਰਮਨ ਪਿਆਰੀ ਸਿੱਧ ਹੋਈ ਕਿ ਦੋ ਦਿਨ ਰੌਲਾ ਰੱਪਾ ਪਾਉਣ ਤੋਂ ਬਾਅਦ ਨਿਹੰਗਾਂ ਨੇ ਖ਼ੁਦ ਇਸ ਫਿਲਮ ਨੂੰ ਵੱਡੀ ਸੰਖਿਆ ਵਿੱਚ ਵੇਖਣਾ ਸ਼ੁਰੂ ਕਰ ਦਿੱਤਾ। ਬਹੁਤ ਸਾਰੇ ਅਨਪੜ੍ਹ ਲੋਕ ਇਸ ਫਿਲਮ ਨੂੰ ਵੇਖਦੇ ਸਨ ਅਤੇ ਜਜ਼ਬਾਤ ਵਿੱਚ ਆ ਕੇ ਸਿਨੇਮਾਂ ਸਕਰੀਨ ਉੱਪਰ ਸਿੱਕਿਆਂ ਦੀ ਵਰਖਾ ਕਰਦੇ ਸਨ। ਪੰਜਾਬ

ਸਰਕਾਰ ਨੇ ਇਸਦਾ ਟੈਕਸ ਵੀ ਮੁਆਫ਼ ਕਰ ਛੱਡਿਆ ਸੀ ।

"ਨਾਨਕ ਨਾਮ ਜਹਾਜ਼ ਹੈ" ਦੀ ਬੇਤਹਾਸ਼ਾ ਕਾਮਯਾਬੀ ਤੋਂ ਬਾਅਦ ਐਸ ਮੁਹਿੰਦਰ ਪੰਜਾਬੀ ਫਿਲਮਾਂ ਦੇ ਸਭ ਤੋਂ ਮਸ਼ਹੂਰ ਸੰਗੀਤ ਨਿਰਦੇਸ਼ਕ ਬਣ ਗਏ । ਇਸ ਤੋਂ ਬਾਦ ਐਸ ਮੁਹਿੰਦਰ "ਦੁੱਖ ਭੰਜਨ ਤੇਰਾ ਨਾਮ" ਅਤੇ "ਮਨ ਜੀਤੇ ਜਗ ਜੀਤ" ਨਾਵਾਂ ਦੀਆਂ ਦੋ ਹੋਰ ਧਾਰਮਿਕ ਪੰਜਾਬੀ ਫਿਲਮਾਂ ਵਾਸਤੇ ਸੰਗੀਤ ਨਿਰਦੇਸ਼ਕ ਕੀਤਾ । ਸੰਗੀਤ ਇਨ੍ਹਾਂ ਫਿਲਮਾਂ ਦਾ ਵੀ ਕਿਸੇ ਤਰ੍ਹਾਂ "ਨਾਨਕ ਨਾਮ ਜਹਾਜ਼ ਹੈ" ਤੋਂ ਘੱਟ ਨਹੀਂ ਸੀ । ਪਰ ਰਾਸ਼ਟਰਪਤੀ ਵਲੋਂ ਸਨਮਾਨ ਇਨ੍ਹਾਂ ਫਿਲਮਾਂ ਨੂੰ ਨਹੀਂ ਮਿਲਿਆਂ । ਐਸ ਮੁਹਿੰਦਰ ਕਹਿੰਦੇ ਹਨ ਕਿ ਜੇਕਰ 1956 ਵਿੱਚ ਵੀ ਰਾਸ਼ਟਰਪਤੀ ਦਾ ਸਨਮਾਨ ਹੁੰਦਾ ਤਾਂ ਫਿਲਮ "ਸ਼ੀਰੀ ਫ਼ਰਿਆਦ" ਵਾਸਤੇ ਉਨ੍ਹਾਂ ਨੂੰ ਇਹ ਸਨਮਾਨ ਮਿਲ ਜਾਣਾਂ ਸੀ । ਇਸ ਫਿਲਮ ਦਾ ਸੰਗੀਤ ਉਨ੍ਹਾਂ ਦੇ ਸੰਗੀਤ ਦੇ ਜੀਵਨ ਦਾ ਸਰਬੋਤਮ ਸੰਗੀਤਕ ਨਮੂਨਾਂ ਹੈ ।

ਧਾਰਮਿਕ ਪੰਜਾਬੀ ਫਿਲਮਾਂ ਵਿੱਚ ਸੰਗੀਤ ਨਿਰਦੇਸ਼ਕ ਨੇ ਐਸ ਮੁਹਿੰਦਰ ਨੂੰ ਇੱਕ ਧਾਰਮਿਕ ਸੰਗੀਤ ਨਿਰਦੇਸ਼ਕ ਬਣਾ ਦਿੱਤਾ । ਨੌਵੇਂ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੀ ਤੀਜੀ ਸ਼ਤਾਬਦੀ ਦੇ ਸੰਬੰਧ ਵਿੱਚ ਉਨ੍ਹਾਂ ਦੀ ਬਾਣੀ ਦੇ ਦੋ ਲੋਂਗ ਪਲਇੰਗ ਰਿਕਾਰਡ 1975 ਵਿੱਚ ਬਣਾਏ ਗਏ । ਇਨ੍ਹਾਂ ਰਿਕਾਰਡਾਂ ਨੂੰ ਐਸ ਮੁਹਿੰਦਰ ਨੇ ਹੀ ਸੰਗੀਤ ਬੁਧ, ਕੀਤਾ ।

ਇਸੇ ਹੀ ਤਰ੍ਹਾਂ ਬਾਬਾ ਸ਼ੇਖ ਫ਼ਰੀਦ ਦੀ ਯਾਦ ਵਿੱਚ ਉਨ੍ਹਾਂ ਦੀ ਬਾਣੀ ਦਾ ਇੱਕ ਲੌਂਗ ਪਲੇਇੰਗ ਰਿਕਾਰਡ ਬਣਾਇਆ ਗਿਆ ਸੀ । ਇਸ ਰਿਕਾਰਡ ਦੀਆਂ ਤਮਾਮ ਸੰਗੀਤ ਰਚ-ਨਾਵਾਂ ਐਸ ਮੁਹਿੰਦਰ ਜੀ ਨੇ ਹੀ ਸੰਗੀਤ ਬੱਧ, ਕੀਤੀਆਂ ਸਨ । ਸ਼ੇਖ ਫ਼ਰੀਦ ਅਤੇ ਗੁਰੂ ਤੇਗ ਬਹਾਦਰ ਜੀ ਦੋਹਾਂ ਦੀ ਬਾਣੀ ਵਿੱਚ ਬੜਾ ਦਰਦ ਹੈ । ਇਸ ਤਰ੍ਹਾਂ ਦੀ ਬਾਣੀ ਵਾਸਤੇ ਸੰਗੀਤ ਵੀ ਬੜਾ ਗੰਭੀਰ ਹੋਣਾ ਚਾਹੀਦਾ ਹੈ । ਇਹੋ ਜਿਹਾ ਸੰਗੀਤ ਜਣਾ ਖਣਾ ਨਹੀਂ ਦੇ ਸਕਦਾ । ਪਰ ਐਸ ਮੁਹਿੰਦਰ ਨੇ ਅਜਿਹਾ ਸੰਗੀਤ ਤਿਆਰ ਕਰਨ ਵਿੱਚ ਕਮਾਲ ਦੀ ਕਲਾ ਵਿਖਾਈ ਹੈ ।

ਐਸ ਮੁਹਿੰਦਰ ਨੇ ਇੱਕ ਪੰਜਾਬੀ ਸੁਗਮ ਸੰਗੀਤ ਦਾ ਰਿਕਾਰਡ ਸੁਰਿੰਦਰ ਕੌਰ ਅਤੇ ਆਸਾ ਸਿੰਘ ਮਸਤਾਨਾ ਦੀਆਂ ਅਵਾਜ਼ਾਂ ਵਿੱਚ 1970 ਦੇ ਦਹਾਕੇ ਦੇ ਦੌਰਾਨ ਹੀ ਬਣਾਇਆ ਸੀ । ਇਹ ਸੰਗੀਤ ਸੁਰਿੰਦਰ ਕੌਰ ਦਵਾਰਾ ਗਾਏ ਲੋਕ ਸੰਗੀਤ ਤੋਂ ਅਲਹਿਦਾ ਸ਼ੈਲੀ ਦਾ ਹੈ । ਇਹ ਸੰਗੀਤ ਬੜਾ ਹੀ ਮਕਬੂਲ ਹੋਇਆ ਸੀ । ਉਨ੍ਹਾਂ ਦਿਨਾਂ ਵਿੱਚ ਸੁਰਿੰਦਰ ਕੌਰ ਦੀ ਉਮਰ 50 ਸਾਲ ਦੇ ਕਰੀਬ ਸੀ । ਇਸ ਉਮਰ ਵਿੱਚ ਉਨ੍ਹਾਂ ਦਾ ਗਲਾ ਅਜੇ 25 ਸਾਲ ਦੀ ਕੁੜੀ ਵਾਲਾ ਸੀ । ਆਸਾ ਸਿੰਘ ਮਸਤਾਨਾ ਵੀ ਤਕਰੀਬਨ ਉਸੇ ਹੀ ਉਮਰ ਦੇ ਸਨ । ਉਨ੍ਹਾਂ ਦਾ ਗਲਾ ਵੀ ਬੜਾ ਤਿਆਰ ਸੀ । ਇਸ ਰਿਕਾਰਡ ਨੂੰ ਸ਼ਾਇਦ ਐਸ ਵਕਤ ਐਚ ਐਮ ਵੀ (ਹਿਜ਼ ਮਾਸਟਰਜ਼ ਵੋਇਸ) ਨੇ ਕੈਸੇਟ ਉੱਪਰ ਵੀ ਸ਼ਾਇਆ ਕਰ ਦਿੱਤੀ ।

1980 ਦੇ ਦਹਾਕੇ ਵਿੱਚ ਐਸ ਮੁਹਿੰਦਰ ਭਾਰਤ ਛੱਡ ਕੇ ਅਮਰੀਕਾ ਆ ਗਏ । ਕੈਨੇਡਾ ਵਿੱਚ ਵਸਦੇ ਇੱਕ ਸੰਗੀਤ ਪ੍ਰੇਮੀ ਇਕਬਾਲ ਸਿੰਘ ਮਾਹਲ ਦੇ ਉੱਦਮ ਨਾਲ ਇੱਕ

ਗਜ਼ਲਾਂ ਦੀ ਟੇਪ ਐਸ ਮੁਹਿੰਦਰ ਜੀ ਨੇ ਉਚੇਰੇ ਤੌਰ ਤੇ ਬਣਾਈ। ਇਸ ਟੇਪ ਵਿਚ ਆਵਾਜ਼ਾਂ ਹਨ ਦਿਲਰਾਜ ਕੌਰ ਅਤੇ ਭੁਪਿੰਦਰ ਸਿੰਘ ਦੀਆਂ ਧੁਨਾ ਸਾਰੀਆਂ ਹੀ ਪੁਰਾਤਨ ਸ਼ਾਸ-ਤਰੀਆਂ ਸੰਗੀਤ ਤੇ ਆਧਾਰਿਤ ਕੀਤੀਆਂ ਗਈਆਂ ਹਨ। ਇਸ ਟੇਪ ਦਾ ਨਾਓਂ ਹੈ ਚਿੰਗਾਰੀ। ਕੈਨੇਡਾ ਵਿੱਚ ਇਹ ਟੇਪ ਅਜੇ ਭੀ ਮਿਲ ਸਕਦੀ ਹੈ।

1993 ਦੇ ਦਸੰਬਰ ਵਿੱਚ ਐਸ ਮੁਹਿੰਦਰ ਜੀ ਦੀ ਸੱਸ ਦਾ ਲੁਧਿਆਣਾ ਵਿਖੇ ਇੰਤ-ਕਾਲ ਹੋ ਗਿਆ। ਇਸ ਸਿਲਸਿਲੇ ਵਿੱਚ ਉਹ ਪੰਜਾਬ ਆ ਗਏ। ਬਾਅਦ ਵਿੱਚ 1994 ਦੀ ਫ਼ਰਵਰੀ ਵਿੱਚ ਉਹ ਬੰਬਈ ਗਏ। ਉੱਥੇ ਉਨ੍ਹਾਂ ਨੂੰ ਗਾਇਕਾ ਆਸ਼ਾ ਭੌਂਸਲੇ ਮਿਲੀ। ਆਸ਼ਾ ਭੌਂਸਲੇ ਨੂੰ "ਨਾਨਕ ਨਾਮ ਜਹਾਜ਼ ਹੈ" "ਦੁੱਖ ਭੰਜਣ ਤੇਰਾ ਨਾਮ" ਅਤੇ "ਮਨ ਜੀਤੇ ਜਗ ਜੀਤ" ਦਾ ਸੰਗੀਤ ਯਾਦ ਸੀ। ਉਸ ਨੇ ਐਸ ਮੁਹਿੰਦਰ ਜੀ ਨੂੰ ਬੇਨਤੀ ਕੀਤੀ ਉਹ ਉਸਦੇ ਗਾਉਣ ਵਾਸਤੇ ਕੁਝ ਤਰਜ਼ਾਂ ਬਣਾ ਜਾਣ, ਜਿਸ ਨਾਲ ਉਹ ਗੁਰਬਾਣੀ ਸੰਗੀਤ ਗਾ ਸਕੇ। ਐਸ ਮੁਹਿੰਦਰ ਜੀ ਇੱਕ ਮਹੀਨਾ ਬੰਬਈ ਰਹੇ, ਉਨ੍ਹਾਂ ਨੇ ਅੱਠ ਸ਼ਬਦਾਂ ਦਾ ਸੰਗੀਤ ਨਿਰਦੇਸ਼ਕ ਕਰਕੇ ਸੀ ਬੀ ਐਸ ਰਿਕਾਰਡਿੰਗ ਕੰਪਨੀ ਕੋਲੋਂ ਸ਼ਬਦ ਕੀਰਤਨ ਦੀ ਇੱਕ ਟੇਪ ਬਣਵਾ ਲਈ ਇਸ ਟੇਪ ਦਾ ਸੰਗੀਤ ਵੀ ਲਾਜਵਾਬ ਹੈ।

ਐਸ ਵੇਲੇ ਐਸ ਮੁਹਿੰਦਰ ਜੀ ਦੀ ਉਮਰ ਸੱਤਰ ਸਾਲ ਦੀ ਹੋ ਚੁੱਕੀ ਹੈ। ਇਹ ਸਾਲ ਉਨ੍ਹਾਂ ਦੇ ਸੰਗੀਤ ਦੇ ਜੀਵਨ ਦੀ ਸੁਨਹਿਰੀ ਵਰ੍ਹੇ ਗੰਢ ਦਾ ਸਾਲ ਵੀ ਹੈ ਪਿਛਲੇ ਵਰ੍ਹੇ ਯਾਨੀ 1993 ਵਿੱਚ ਸੁਰਿੰਦਰ ਕੌਰ ਨੇ ਆਪਣੇ ਸੰਗੀਤ ਦੇ ਜੀਵਨ ਦੇ ਪੰਜ਼ਾਹ ਸਾਲ ਪੂਰੇ ਕੀਤੇ ਸਨ। ਆਹ ਸਾਲ ਐਸ ਮੁਹਿੰਦਰ ਜੀ ਦੇ ਸੰਗੀਤ ਦੇ ਸਫਰ ਦਾ ਪੰਜਾਹਵਾਂ ਸਾਲ ਹੈ

ਗੁਰਦਵਾਰਾ ਬ੍ਰਿਜਵਾਟਰ, ਸਮਰਸੈੱਟ ਕਾਊਂਟੀ, ਨਿਊਜਰਸੀ, ਸੰਯੁਕਤ ਰਾਜ ਅਮ-ਰੀਕਾ ਨੇ ਐਸ ਮੁਹਿੰਦਰ ਜੀ ਨੂੰ ਐਤਵਾਰ 22 ਮਈ ਨੂੰ ਇੱਕ ਵਿਸ਼ੇਸ਼ ਭਵਿਅ ਸਮਾਰੋਹ ਵਿੱਚ ਸਿਰੋਪਾਓ, ਇੱਕ ਪਲੇਕ (ਟਰੌਫੀ) ਅਤੇ ਇੱਕ ਸੋਨੇ ਦਾ ਕੜਾ ਦੇ ਕੇ ਸਨਮਾਨਿਤ ਕੀਤਾ। ਉਨ੍ਹਾਂ ਦੇ ਸਨਮਾਨ ਵਿੱਚ ਅਮਰੀਕਨ ਸਰਕਾਰੀ ਰੇਡੀਓ ਵੌਇਸ ਆਫ਼ ਅਮੇਰਿਕਾ ਦੀ ਹਿੰਦੀ ਸੇਵਾ ਦੇ ਮੁਖੀ ਸ੍ਰੀ ਜਗਦੀਸ਼ ਸਰੀਨ ਅਤੇ ਉੱਤਰੀ ਅਫ਼ਰੀਕਾ ਦੱਖਣੀ ਏਸ਼ੀਆ ਡਿਵੀਜਨ ਦੇ ਡਿਪਟੀ ਚੀਫ ਡਾਕਟਰ ਮੁਅੱਜ਼ਿਮ ਸਿੱਦੀਕੀ ਵੀ ਉਚੇਚੇ ਤੌਰ ਤੇ ਹਾਜ਼ਿਰ ਸਨ। ਦੋਹਾਂ ਨੇ ਐਸ ਮੁਹਿੰਦਰ ਜੀ ਦੀ ਸੰਗੀਤਕ ਪ੍ਰਤੀਕਾ ਦਾ ਉਲੇਖ ਕੀਤਾ।

ਇਸੇ ਹੀ ਤਰ੍ਹਾਂ ਦੇ ਹੋਰ ਸਮਾਰੋਹ ਹੋਰ ਸੰਸਥਾਵਾਂ ਵੀ ਕਰਨ ਦੇ ਯਤਨ ਕਰ ਰਹੀਆਂ ਹਨ। ਪਰ ਐਸ ਮੁਹਿੰਦਰ ਜੀ ਦੀ ਜਨਮ ਭੂਮੀ ਭਾਰਤ ਹੈ ਅਤੇ ਉਨ੍ਹਾਂ ਦਾ ਸੂਬਾ ਪੰਜਾਬ ਹੈ। ਇਹ ਗੱਲ ਠੀਕ ਹੈ ਕਿ ਉਨ੍ਹਾਂ ਦਾ ਜਨਮ ਪਾਕਿਸਤਾਨ ਵਿਚਲੇ ਪੰਜਾਬ ਵਿੱਚ ਹੋਇਆ ਹੈ। ਕੀ ਹੋਇਆ ਜੇ ਪੰਜਾਬ ਵੰਡਿਆ ਗਿਆ। ਪਰ ਉਨ੍ਹਾਂ ਦਾ ਪੰਜਾਬ ਨਾਲੋਂ ਸੰਬੰਧ ਕੋਈ ਨਹੀਂ ਤੋੜ ਸਕਦਾ। ਪੰਜਾਬ ਅਤੇ ਪੰਜਾਬੀ ਦੀ ਖਾਤਿਰ ਜੋ ਸੇਵਾ ਉਨ੍ਹਾਂ ਨੇ ਅਨਜਾਮ ਦਿੱਤੀ ਏ, ਉਨੀ ਸੇਵਾ ਉਨ੍ਹਾਂ ਦੇ ਖੇਤਰ ਵਿੱਚ ਹੋਰ ਕਿਸੇ ਨੇ ਨਹੀਂ ਕੀਤੀ। ਅਮਰੀਕਾ ਦੀਆਂ ਸੰਸਥਾਵਾਂ ਤਾਂ ਐਸ ਮੁਹਿੰਦਰ ਜੀ ਦਾ ਸਨਮਾਨ ਕਰਨਗੀਆਂ ਹੀ, ਪਰ ਜੋ ਖ਼ੁਸ਼ੀ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਸੰਗੀਤ ਦੇ ਆਸ਼ਿਕਾਂ ਨੂੰ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨੂੰ ਸਨਮਾਨਿਤ

ਕਰਨ ਵਿੱਚ ਹੋਵੇਗੀ ਉਸਦਾ ਕੋਈ ਮੁਕਾਬਲਾ ਨਹੀਂ ! ਪਟਿਆਲਾ ਵਿਖੇ ਉੱਤਰੀ ਭਾਰਤ ਦਾ ਖੇਤਰੀ ਸੰਗੀਤਕ ਕੇਂਦਰ ਉਨ੍ਹਾਂ ਸਨਮਾਨ ਦੇਣ ਦਾ ਕਾਰਜ ਕਰ ਸਕਦਾ ਹੈ। ਪੰਜਾਬ ਸਰਕਾਰ ਦਾ ਲੋਕ ਸੰਪਰਕ ਵਿਭਾਗ ਇਸ ਕਾਰਜ ਵਿੱਚ ਸਹਾਈ ਹੋ ਸਕਦਾ ਹੈ। ਐਸ ਮਹਿੰਦਰ ਜਿਹਾ ਪੁੱਤਰ ਪੰਜਾਬ ਨੇ ਅਜੇ ਤਾਈਂ ਨਹੀਂ ਪੈਦਾ ਕੀਤਾ। ਆਪਣੇ ਆਪ ਵਿੱਚ ਉਹ ਇੱਕ ਸੰਪੂਰਨ ਵਿਸ਼ਵ ਵਿਦਿਆਲਾ ਹਨ। ਸਾਡੀਆਂ ਯੂਨੀਵਰਸਿਟੀਆਂ ਨੂੰ ਵੀ ਉਨ੍ਹਾਂ ਦੇ ਸੰਗੀਤ ਉੱਪਰ ਖੋਜ ਕਰਨੀ ਚਾਹੀਦੀ ਹੈ। ਉਨ੍ਹਾਂ ਦੇ ਸੰਗੀਤ ਵਿਚੋਂ ਅਨੇਕਾਂ ਪੀ ਐਚ ਡੀਆਂ ਨਿਕਲ ਸਕਦੀਆਂ ਹਨ।

ਪੰਜਾਬ ਨੂੰ ਚਾਹੀਦਾ ਹੈ ਕਿ ਉਹ ਆਪਣੇ ਇਸ ਮਹਾਨ ਸਪੂਤ ਨੂੰ ਨਾਂ ਭੁੱਲੇ। ਇੱਕ ਵਾਰੀ ਗੱਲਾਂ ਵਿੱਚ ਐਸ ਮੁਹਿੰਦਰ ਜੀ ਨੂੰ ਇਸ ਲੇਖਕ ਨੇ ਪੁੱਛਿਆ ਕਿ ਉਨ੍ਹਾਂ ਦੀ ਜ਼ਿੰਦਗੀ ਦੇ ਸਭ ਤੋਂ ਖੂਬਸੂਰਤ ਪਲ ਕਿਹੜੇ ਹੋ ਗੁਜ਼ਰੇ ਹਨ। ਉਨ੍ਹਾਂ ਨੇ ਉੱਤਰ ਦਿੱਤਾ ਕਿ ਬਚਪਨ ਉਨ੍ਹਾਂ ਨੂੰ ਸਭ ਤੋਂ ਵੱਧ ਅਜ਼ੀਜ਼ ਸਮਾਂ ਲੱਗਿਆ ਹੈ। ਜੋ ਪਲ ਉਨ੍ਹਾਂ ਨੇ ਸੰਤ ਬਾਬਾ ਸੁਜਾਨ ਸਿੰਘ ਜੀ ਦੇ ਡੇਰੇ ਤੇ ਗੁਜ਼ਾਰੇ ਹਨ ਉਹ ਦੁਰਲੱਭ ਸਮਾਂ ਸੀ। ਸੰਤ ਜੀ ਦੀ ਆਵਾਜ਼ ਬੜੀ ਹੀ ਮਿੱਠੀ ਅਤੇ ਕੋਮਲ ਸੀ। ਉਨ੍ਹਾਂ ਦੇ ਗਲੇ ਵਿੱਚ ਸਰਸਵਤੀ ਵਸਦੀ ਸੀ। ਉਹ ਭਾਵੇਂ ਦੋ ਹੀ ਸੁਰਾਂ ਗਾਉਣ ਸੁਣਨ ਵਾਲਾ ਜਾਣੋਂ ਬਿਲਕੁਲ ਕੀਲਿਆ ਜਾਂਦਾ ਸੀ। ਐਸ ਮੁਹਿੰਦਰ ਜੀ ਅਜੇ ਦਸ ਬਾਰਾਂ ਸਾਲਾਂ ਦੇ ਬਾਲਕ ਹੀ ਸਨ ਜਦੋਂ ਉਹ ਸੰਤਾਂ ਦੇ ਡੇਰੇ ਤੇ ਜਾਇਆ ਕਰਦੇ ਸਨ। ਸਾਰੀ ਸੰਗਤ ਸੰਤਾਂ ਦੇ ਨਾਲ ਮਿਲਕੇ ਕੀਰਤਨ ਵਿੱਚ ਜੁੜਦੀ ਸੀ। ਸਾਰੀ ਸੰਗਤ ਉਨ੍ਹਾਂ ਦੇ ਨਾਲ ਗਾਉਂਦੀ ਵੀ ਸੀ। ਉਹ ਇੱਕ ਅਜਿਹਾ ਮਾਹੌਲ ਬੱਝਦਾ ਸੀ ਜਿਸ ਦਾ ਤਸੱ-ਵਰ ਵੀ ਅੱਜ ਦੇ ਜੁਗ ਵਿੱਚ ਕੀਤਾ ਨਹੀਂ ਜਾ ਸਕਦਾ। ਸੰਤ ਜੀ ਕਥਾ ਵਾਚਕ ਵੀ ਬੜੇ ਲਾਮਿਸਾਲ ਸਨ। ਪਰ ਕਥਾ ਦੇ ਦਰਮਿਆਨ ਕਿਤੇ ਕਿਤੇ ਕੁਝ ਤੁਕਾਂ ਦਾ ਗਾਇਨ ਵੀ ਕਰਦੇ ਸਨ। ਉਨ੍ਹਾਂ ਦਵਾਰਾ ਗਾਈਆਂ ਦੋ ਤੁਕਾਂ ਹੀ ਕਾਫ਼ੀ ਸਨ। ਉਨ੍ਹਾਂ ਦਿਨਾਂ ਵਿੱਚ ਅਜੇ ਬਾਣੀ ਦੀ ਸਮਝ ਨਹੀਂ ਸੀ ਪੈਂਦੀ ਪਰ ਰਾਗ ਤਾਂ ਕਮਾਲ ਹੀ ਕਰ ਦੇਂਦਾ ਸੀ। ਸੰਤ ਜੀ ਦੀ ਵਿੱਦਿਆ ਦਾ ਕੁਝ ਅੰਸ਼ ਭੋਲੇ ਭਾਅ ਹੀ ਐਸ ਮੁਹਿੰਦਰ ਨੇ ਵੀ ਗ੍ਰਹਿਣ ਕਰ ਲਿਆ। ਬੱਸ ਇੰਜ ਸਮਝ ਲਓ ਕਿ ਸੰਤ ਜੀ ਦੇ ਦੀਵਾਨ ਜੰਨਤ ਦਾ ਨਜ਼ਾਰਾ ਸੀ। ਉਹ ਕਥਾ ਕਰਦੇ ਹੋਏ ਗੁਰੂ ਮਹਾਰਾਜ ਦੇ ਸਮੇਂ ਦਾ ਮਹੌਲ ਬੰਨ੍ਹ ਦੇਂਦੇ ਸਨ।

ਕੈਰੋਂ ਵਿਖੇ ਪੜ੍ਹਦੇ ਹੋਏ ਵੀ ਐਸ ਮੁਹਿੰਦਰ ਜੀ ਤਰਨਤਾਰਨ ਅਤੇ ਸ੍ਰੀ ਦਰਬਾਰ ਵਿਖੇ ਕੀਰਤਨ ਦਾ ਅਨੰਦ ਮਾਣਦੇ ਰਹੇ ਸਨ। ਉਨ੍ਹਾਂ ਦਿਨਾਂ ਵਿੱਚ ਤਰਨਤਾਰਨ ਵਿਖੇ ਗੁਰਮਤਿ ਸੰਗੀਤ ਦੇ ਮਹਾਨ ਵਿਦਵਾਨ ਰਿਹਾ ਕਰਦੇ ਸਨ। ਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਤਾਂ ਗੱਲ ਹੀ ਛੱਡ ਦਿਓ ਉੱਥੇ ਤਾਂ ਸਿੱਖ ਜਗਤ ਦੇ ਸਭ ਤੋਂ ਵਿਦਵਾਨ ਕੀਰਤਨੀਏ ਗੁਰਮਤਿ ਸੰਗੀਤ ਦੀ ਸੇਵਾ ਕਰਿਆ ਕਰਦੇ ਸਨ। ਜਿਸ ਕਿਸਮ ਦਾ ਗੁਰਮਤਿ ਕੀਰਤਨ ਦਾ ਮਿਆਰ ਸ੍ਰੀ ਦਰਬਾਰ ਸਾਹਿਬ ਵਿਖੇ 1940 ਦੇ ਦਹਾਕੇ ਅਤੇ ਉਸਦੇ ਆਸ ਪਾਸ ਦੇ ਸਾਲਾਂ ਵਿੱਚ ਰਿਹਾ ਹੈ ਉਸਦਾ ਅੰਦਾਜ਼ਾ ਲਗਾਉਣਾ ਵੀ ਅੱਜਕਲ੍ਹ ਸੰਭਵ ਨਹੀਂ।

ਭਾਈ ਸਮੁੰਦ ਸਿੰਘ ਜੀ ਨੇ ਤਾਂ ਐਸ ਮੁਹਿੰਦਰ ਨੂੰ ਇੱਕ ਕਿਸਮ ਦਾ ਸ਼ਾਗਿਰਦ ਹੀ

ਬਣਾ ਲਿਆ ਸੀ। ਭਾਈ ਸਮੁੰਦ ਸਿੰਘ ਜੀ ਦੇ ਕੋਲ ਸ਼ਾਸਤਰੀਆਂ ਸੰਗੀਤ ਦਾ ਅਥਾਹ ਖ਼ਜ਼ਾਨਾ ਸੀ। ਰਿਆਜ਼ ਕਰਨ ਨਾਲ ਉਨ੍ਹਾਂ ਨੇ ਆਪਣੇ ਗਲੇ ਵਿੱਚ ਇੱਕ ਅਜਿਹੀ ਮੁਰਕੀ ਪੈਦਾ ਕਰ ਲਈ ਸੀ ਕਿ ਉਹ ਔਖੀਆਂ ਔਖੀਆਂ ਸੰਗੀਤ ਦੀਆਂ ਬਾਰੀਕੀਆਂ ਆਸਾਨ ਕਰ ਲੈਂਦੇ ਸਨ। ਭਾਈ ਸਮੁੰਦ ਸਿੰਘ ਜੀ ਇੱਕ ਆਮ ਸੰਗੀਤ ਦੇ ਪ੍ਰਾਧਿਆਪਕ ਨਾਲੋਂ ਵੱ ਵਿੱਦਿਆ ਉਹ ਵੰਡਕੇ ਖ਼ੁਸ਼ ਸਨ। ਐਸ ਮੁਹਿੰਦਰ ਜੀ ਨੂੰ ਹੈਰਾਨੀ ਹੁੰਦੀ ਸੀ ਜਦੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹਰ ਸ਼ਬਦ ਭਾਈ ਸਮੁੰਦ ਸਿੰਘ ਜੀ ਗਾ ਕੇ ਸੁਣਾਉਂਦੇ ਸਨ। ਭਾਈ ਸਮੁੰਦ ਜੀ ਐਸ ਮੁਹਿੰਦਰ ਨੂੰ ਆਪਣਾ ਬੱਚਾ ਸਮਝ ਕੇ ਪਿਆਰ ਕਰਦੇ ਸਨ। ਗੁਰ-ਬਾਣੀ ਸੰਗੀਤ ਦਾ ਅਨੰਦ ਲੈਣ ਪੱਖੋਂ ਐਸ ਮੁਹਿੰਦਰ ਦਾ ਨਨਕਾਣਾ ਸਾਹਿਬ ਵਿਖੇ ਰਿਹਣ ਦਾ ਸਮਾਂ ਅਤੀ ਸੁੰਦਰ ਸੀ। ਨਨਕਾਣਾ ਸਹਿਬ ਵਿਖੇ ਉਹ ਸੰਤ ਸੁਜਾਨ ਸਿੰਘ ਜੀ ਦੇ ਡੇਰੇ ਦੇ ਕਥਾ ਅਤੇ ਕੀਰਤਨ ਦੇ ਰਲੇ ਮਿਲੇ ਮਹੌਲ ਦਾ ਆਨੰਦ ਤਾਂ ਨਹੀਂ ਪ੍ਰਾਪਤ ਕਰ ਸਕੇ, ਪਰ ਸੰਗੀਤ ਦੀ ਵਿਦਧਤਾ ਚੇ ਪੱਖੋਂ ਸ੍ਰੀ ਨਨਕਾਣਾ ਸਾਹਿਬ ਦਾ ਕੋਈ ਮੁਕ ਬਲਾ ਨਹੀਂ ਸੀ। ਦਰਅਸਲ ਸੰਗੀਤ ਨਿਰਦੇਸ਼ਕ ਤਾਂ ਐਸ ਮੁਹਿੰਦਰ ਓਦੋਂ ਹੀ ਬਣ ਗਏ ਸਨ ਜਦੋਂ ਉਹ ਨਨਕਾਣਾ ਸਾਹਿਬ ਸਨ। ਐਸ ਮੁਹਿੰਦਰ ਮਹਿਸੂਸ ਕਰਦੇ ਹਨ ਕਿ ਸੰਗੀਤ ਸਿੱਖਣ ਵਾਸਤੇ ਸਭ ਤੋਂ ਉੱਤਰ ਅਸਥਾਨ ਗੁਰੂ ਘਰ ਹੀ। ਗੁਰੂਘਰ ਵਿੱਚ ਕੋਈ ਲਾਲਚ ਨਹੀਂ ਹੁੰਦਾ ਉੱਥੋਂ ਦਾ ਸਾਰਾ ਵਾਤਾਵਰਣ ਹੀ ਪਵਿੱਤਰ ਹੁੰਦਾ ਹੈ। ਸੰਗਤ ਵੀ ਸ਼ਰਧਾ ਨਾਲ ਆਉਂਦੀ ਹੈ। ਰਾਗੀ ਸਿੰਘ ਵੀ ਸ਼ਰਧਾ ਨਾਲ ਕੀਰਤਨ ਕਰਦੇ ਹਨ। ਸਿੱਖਣ ਵਾਲੇ ਨੂੰ ਅੰਦਰੋਂ ਆਵਾਜ਼ ਆਉਂਦੀ ਹੈ ਕਿ ਉਹ ਰਾਗ ਸਿੱਖੇ।

ਐਸ ਮੁਹਿੰਦਰ ਕਹਿੰਦੇ ਹਨ ਕਿ ਜੋ ਸਨਮਾਨ ਉਨ੍ਹ ਨੂੰ 'ਨਾਨਕ ਨਾਮ ਜਹਾਜ਼ ਹੈ' ਫਿਲਮ ਨੇ ਦਿਵਾਇਆ ਉਹ ਇਸ ਫਿਲਮ ਤੋਂ ਪਹਿਲਾਂ ਇਸ ਤੋਂ ਵੀ ਵਧ ਮਿਹਨਤ ਕਰਨ ਤੇ ਉਨ੍ਹਾਂ ਨਸੀਬ ਨਹੀਂ ਹੋਇਆ ਹੁਣ ਵੀ ਉਹ ਜਦੋਂ ਕਿਸੇ ਗੁਰੂਘਰ ਵਿਖੇ ਹਾਜ਼ਰੀ ਭਰਦੇ ਹਨ ਤਾਂ ਸ਼ਬਦ ਸੰਗੀਤ ਹੀ ਪੇਸ਼ ਕਰਦੇ ਹਨ। ਐਸ ਮੁਹਿੰਦਰ ਨਿਰੋਣ ਕਲਾਸੀਕਲ ਸ਼ਬਦ ਕੀਰਤਨ ਨਹੀਂ ਕਰਦੇ। ਉਹ "ਨਾਨਕ ਨਾਮ ਜਹਾਜ਼ ਹੈ," 'ਦੁਖ ਭੰਜਣ ਤੇਰਾ ਨਾਮ" ਅਤੇ "ਮਨ ਜੀਤੇ ਜਗਜੀਤ" ਜੇਹੀਆਂ ਫਿਲਮਾਂ ਵਿੱਚ ਗਾਏ ਹੋਏ ਸ਼ਬਦ ਜਿਨ੍ਹਾਂ ਦੀਆਂ ਤਰਜ਼ਾਂ ਐਸ ਮੁਹੰਦਰ ਨੇ ਬਣਾਈਆਂ ਸਨ ਵਿੱਚੋਂ ਹੀ ਸ਼ਬਦ ਚੁਣ ਕੇ ਕੀਰਤਨ ਕਰਦੇ ਹਨ। ਅਜੇ ਵੀ ਸੰਗਤ ਉਨ੍ਹਾਂ ਦਾ ਬੜਾ ਸਤਿਕਾਰ ਕਰਦੀ ਹੈ। ਜਿਸ ਗੁਰੂਘਰ ਨੇ ਐਸ ਮੁਹਿੰਦਰ ਨੂੰ ਸੰਗੀਤ ਦੀ ਗੁੜ੍ਹਤੀ ਦਿੱਤੀ ਉਸ ਗੁਰੂਘਰ ਦਾ ਦਾਮਨ ਐਸ ਮੁਹਿੰਦਰ ਨੇ ਉਮਰ ਭਰ ਨਹੀਂ ਛੱਡਿਆ। ਉਹ ਨਵੇਂ ਗਾਇਕਾਂ ਅਤੇ ਗਾਇਕਾਵਾਂ ਨੂੰ ਇਹੋ ਹੀ ਮਸ਼ਵਰਾਂ ਦੇਂਦੇ ਹਨ ਕਿ ਉਹ ਜੋ ਵੀ ਗਾਉਣ ਸੁਰ ਅਤੇ ਤਾਲ ਵਿੱਚ ਬੱਝਕੇ ਗਾਉਣ। ਬੇਸੁਰੇ ਗਾਉਣ ਦਾ ਕੋਈ ਲਾਭ ਨਹੀਂ।

—

# ਭਾਈ ਅਮਰੀਕ ਸਿੰਘ ਜੈਪੁਰੀ

—ਪ੍ਰੋ. ਸਤਵਿੰਦਰ ਸਿੰਘ

'ਕੀਰਤਨ ਪਰਮਾਤਮਾ ਵੱਲੋਂ ਸਭ ਤੋਂ ਮਹਿੰਮਾ ਤੋਹਫਾ ਬਖਸ਼ਿਸ਼ ਹੋਇਆ ਹੈ। ਪ੍ਰੇਮ ਨਾਲ ਕੀਤਾ ਕੀਰਤਨ ਪ੍ਰੀਤਮ ਦੇ ਦੇਸ਼ ਲੈ ਜਾਂਦਾ ਹੈ। ਕੀਰਤਨ ਸੰਗੀਤ ਦਾ ਸਹੀ ਇਸਤੇਮਾਲ ਹੈ। ਸੰਗੀਤ ਪ੍ਰਮਾਤਮਾ ਦੀ ਦੇਣ ਹੈ ਤੇ ਕੀਰਤਨ ਮਨ ਅਤੇ ਪ੍ਰਮਾਤਮਾ ਵਿਚਲੀ ਦੀਵਾਰ ਖਤਮ ਕਰਕੇ ਲੋਕ ਪਰਲੋਕ ਸੁਹੇਲ ਕਰ ਆਵਾਗਵਣ ਦਾ ਚੱਕਰ ਮਿਟਾ ਦਿੰਦਾ ਹੈ। ਕੀਰਤਨ ਦਾ ਸ਼ੌਕੀਨ ਅਕਾਲ ਪੁਰਖ ਵਾਹਿਗੁਰੂ ਹੈ। ਜਿਹਨਾਂ ਨੂੰ ਪ੍ਰਾਪਤ ਹੋਇਆ ਵਾਹਿਗੁਰੂ ਵੱਲੋਂ ਪ੍ਰਵਾਨੇ ਗਏ ਹਨ।' ਕੀਰਤਨ ਸੰਬੰਧੀ ਉਪਰੋਕਤ ਵਿਚਾਰ ਪ੍ਰਸਿੱਧ ਕੀਰਤ-ਨੀਏ ਭਾਈ ਅਮਰੀਕ ਸਿੰਘ ਜੈ ਪੁਰੀ ਹੋਰਾਂ ਦੇ ਹਨ। ਭਾਈ ਅਮਰੀਕ ਸਿੰਘ ਜੀ ਜੈ ਪੁਰ ਵਿਖੇ ਰਾਜਾ ਪਾਰਕ ਗੁਰਦੁਆਰਾ ਸਿੰਘ ਸਭਾ ਦੇ ਹਜ਼ੂਰੀ ਰਾਗੀ ਹਨ। ਇਸ ਤੋਂ ਪਹਿਲਾਂ ਆਪ ਨੇ ਗੁਰਦੁਆਰਾ ਸਾਹਿਬ ਨਿਊ ਬੰਬੇ ਕੋਕਨ ਭਵਨ, ਗੁਰਦੁਆਰਾ ਸਿੰਘ ਸਭਾ ਥਾਣਾ ਸਿਟੀ ਬੰਬੇ, ਗੁਰਦੁਆਰਾ ਸਿੰਘ ਸਭਾ ਗਨੇਸ਼ ਪੇਠ ਪੂਨਾ, ਗੁਰਦੁਆਰਾ ਬੁੱਧ ਨਗਰ, ਨਾਗਪੁਰ, ਗੁਰਦੁਆਰਾ ਇਮਲੀ ਸਾਹਿਬ ਇੰਦੌਰ ਆਦਿ ਗੁਰਦੁਆਰਿਆਂ ਵਿਚ ਕੀਰਤਨ ਦੀ ਸੇਵਾ ਨਿਭਾਈ ਹੈ।

ਭਾਈ ਅਮਰੀਕ ਸਿੰਘ ਜੀ ਦਾ ਜਨਮ ਸਰਦਾਰ ਕਰਨੈਲ ਸਿੰਘ ਜੀ ਦੇ ਘਰ ਪਿੰਡ ਹਰ ਪੁਰਾ ਜ਼ਿਲਾ ਗੁਰਦਾਸ ਪੁਰ ਵਿਖੇ ਹੋਇਆ। ਆਪ ਦੇ ਪਿਤਾ ਇਕ ਸਾਧਾਰਨ ਮਿਹ-ਨਤੀ ਮਜ਼ਦੂਰ ਵਿਅਕਤੀ ਸਨ। ਪਿੰਡ ਵਿਚ ਹੀ ਆਪ ਨੇ ਮੈਟ੍ਰਿਕ ਤਕ ਦੀ ਵਿਦਿਅਕ ਯੋਗਤਾ ਪ੍ਰਾਪਤ ਕੀਤੀ। ਗਾਉਣ ਦਾ ਸ਼ੌਕ ਆਪ ਨੂੰ ਸਹਿਜ ਸੁਭਾਅ ਬਚਪਨ ਤੋਂ ਪ੍ਰਗਟ ਹੋਇਆ। ਆਪ ਨੇ ਕੋਈ ਬਕਾਇਦਾ ਸੰਗੀਤ ਵਿਦਿਆ ਪ੍ਰਾਪਤ ਨਹੀਂ ਕੀਤੀ। ਉਂਜ ਬਾਅਦ ਵਿਚ ਆਪ ਨੇ ਕੁਝ ਸਮਾਂ ਥਾਣਾ ਸਿਟੀ ਬੰਬੇ ਮਾਸਟਰ ਜੋਗਿੰਦਰ ਸਿੰਘ ਜੋਗੀ ਸ਼ਾਹਿਬ ਕੋਲੋਂ ਪ੍ਰਾਈਵੇਟ ਤੌਰ ਤੇ ਸੰਗੀਤ ਸਿਖਿਆ ਅਤੇ ਕੁਝ ਸਮਾਂ ਨਾਨਕ ਮਤਾ ਸਾਹਿਬ ਦਰਸ਼ਨ ਕਰਨ ਦੇ ਬਹਾਨੇ ਕੀਰਤਨ ਕਲਾਸਾਂ ਵਿਚ ਹਾਜ਼ਰੀ ਭਰੀ ਤੇ ਸੰਗੀਤ ਬਾਰੇ ਜਾਣ-ਕਾਰੀ ਪ੍ਰਾਪਤ ਕੀਤੀ।

ਆਰੰਭ ਵਿਚ ਆਪ ਮੇਲੇ-ਮੱਸਿਆ ਤੇ ਵਿਆਹ-ਸ਼ਾਦੀਆਂ ਤੇ ਤੂੰਬੀ ਨਾਲ ਗਾਇਆ ਕਰਦੇ ਸਨ। ਛੇਤੀ ਹੀ ਆਪ ਦਾ ਮੇਲ ਗਿਆਨੀ ਰਤਨ ਸਿੰਘ ਮਠੋਲਾ ਨਾਲ ਹੋਇਆ ਜਿਹਨਾਂ ਤੋਂ ਆਪ ਨੂੰ ਗੁਰਬਾਣੀ ਦੀ ਸੂਝ, ਧਾਰਮਕ ਲੈਕਚਰ ਤੇ ਕੀਰਤਨ ਦਾ ਗਿਆਨ ਤੇ ਪ੍ਰੇਰਣਾ ਮਿਲੀ। ਉਪਰੰਤ ਗੁਰੂ ਦੀ ਕਿਰਪਾ, ਬਚਪਨ ਦੇ ਸ਼ੌਕ ਤੇ ਸੰਗਤਾਂ ਦੇ ਅਸ਼ੀਰਵਾਦ ਨੇ ਆਪ ਨੂੰ ਚੰਗੇ ਕੀਰਤਨਕਾਰ ਹੋਣ ਦਾ ਮਾਣ ਬਖਸ਼ਿਆ ਹੈ।

ਭਾਈ ਨਿਰਮਲ ਸਿੰਘ ਤੇ ਭਾਈ ਸਤਨਾਮ ਸਿੰਘ ਆਪ ਜੀ ਦੇ ਜਥੇ ਦੇ ਦੂਜੇ ਸਾਥੀ ਹਨ। ਆਪ ਨੂੰ ਕੋਈ ਦੋ ਕੁ ਸੌ ਸ਼ਬਦਾਂ ਦਾ ਖਜ਼ਾਨਾ ਜ਼ੁਬਾਨੀ ਯਾਦ ਹੈ। ਸੰਗੀਤ ਵਿਚ ਆਪ ਜੀ ਦੀ ਪ੍ਰਪੱਕਤਾ ਨੂੰ ਵੇਖਦਿਆ ਅਕਾਸ਼ਬਾਣੀ ਨਾਗਪੁਰ ਨੇ ਆਪ ਨੂੰ ਬੀ-ਡਿਗਰੀ ਪ੍ਰਦਾਨ ਕੀਤੀ ਹੈ ਅਤੇ ਰਾਜਿਸਥਾਨ ਟੈਲੀਵੀਜ਼ਨ ਤੋਂ ਵੀ ਆਪ ਜੀ ਦੇ ਸ਼ਬਦ-ਕੀਰਤਨ ਪ੍ਰੋਗਰਾਮ ਹੋਏ ਹਨ। ਅੰਮ੍ਰਿਤ ਵਰਖਾ ਅਤੇ ਅੰਮ੍ਰਿਤਰਸ ਕੈਸਟ ਕੰਪਨੀਆਂ ਨੇ ਵੀ ਆਪ ਦੇ ਸ਼ਬਦਾਂ ਦੀਆਂ ਕੈਸਟਾਂ ਰਿਲੀਜ਼ ਕੀਤੀਆ ਹਨ।

ਸ਼ਬਦ-ਕੀਰਤਨ ਦੇ ਨਾਲ ਨਾਲ ਆਪ ਧਾਰਮਕ ਗੀਤ ਲਿਖਣ ਤੇ ਕਵੀ ਦਰਬਾਰਾਂ ਦਾ ਸ਼ੌਂਕ ਵੀ ਰੱਖਦੇ ਹਨ। ਕਾਵਿ ਮੁਕਾਬਲੇ ਵਿਚ ਵੀ ਆਪ ਨੇ ਜ਼ਿਲ੍ਹਾ-ਪੱਧਰ ਦਾ ਵਿਸ਼ੇਸ਼ ਸਥਾਨ ਪ੍ਰਾਪਤ ਪ੍ਰਾਪਤ ਕੀਤਾ ਹੈ।

ਆਪ ਮਹਿਸੂਸ ਕਰਦੇ ਹਨ ਕਿ ਵਰਤਮਾਨ ਕੀਰਤਨ ਵਿਚ ਸ਼ਾਸਤਰੀ ਅਧਿਐਨ ਦੀ ਘਾਟ ਹੈ। ਬਹੁਤੇ ਕੀਰਤਨੀ ਜਥੇ ਤਾਂ ਵੀ ਥੋੜ੍ਹਾ ਵੀ ਕਲਾਸੀਕਲ ਨਹੀਂ ਗਾ ਸਕਦੇ। ਆਪ ਦਾ ਵਿਚਾਰ ਹੈ ਕਿ ਜਿੰਨਾ ਚਿਰ ਕਲਾਸੀਕਲ ਪ੍ਰੈਕਟਿਸ ਨਾ ਹੋਵੇ, ਸਿਧੀਆਂ ਰੀਤਾਂ ਗਾਉਣ ਨਾਲ ਪੂਰਨ ਆਨੰਦ ਪ੍ਰਾਪਤ ਨਹੀਂ ਹੋ ਸਕਦਾ। ਸ਼ਾਸ਼ਤਰੀ ਸੰਗੀਤ ਕੀਰਤਨ ਦੀ ਬੁਨਿਆਦੀ ਹੈ ਤੇ ਨਵੀਂ ਪੀੜ੍ਹੀ ਨੂੰ ਸਾਸ਼ਤਰੀ ਸੰਗੀਤ ਸੰਭਾਲਣ ਦੀ ਲੋੜ ਹੈ।

ਕੀਰਤਨ ਖੇਤਰ ਵਿਚ ਆਪ ਭਾਈ ਧਰਮ ਸਿੰਘ ਜ਼ਖਮੀ, ਭਾਈ ਇਕਬਾਲ ਸਿੰਘ ਬਾਲੀ, ਡਾ. ਜਗੀਰ ਸਿੰਘ ਚੰਡੀਗੜ੍ਹ ਵਾਲੇ, ਭਾਈ ਗੁਰਮੀਤ ਸਿੰਘ ਸ਼ਾਂਤ, ਭਾਈ ਹਰ-ਜਿੰਦਰ ਸਿੰਘ (ਸ੍ਰੀ ਨਗਰ), ਭਾਈ ਗੁਰਮੇਲ ਸਿੰਘ ਦਰਬਾਰ ਸਾਹਿਬ ਤੇ ਭਾਈ ਸੋਹਣ-ਸਿੰਘ ਰਸੀਆ ਦੇ ਕੀਰਤਨ ਤੋਂ ਬਹੁਤ ਪ੍ਰਭਾਵਤ ਹਨ। ਇਸ ਤੋਂ ਇਲਾਵਾ ਆਪ ਗੁਲਾਮ ਅਲੀ, ਮਹਿੰਦੀ ਹਸਨ, ਅਹਿਮਦ ਹੁਸੈਨ ਮਹੰਮਦ ਹੁਸੈਨ ਤੇ ਰੇਸ਼ਮਾਂ ਦੀ ਦੀ ਸੰਗੀਤ ਕਲਾ ਦੇ ਵੀ ਕਾਇਲ ਹਨ।

# ਸੰਗੀਤ ਲਿਪੀ

—ਪ੍ਰੋ: ਕਰਤਾਰ ਸਿੰਘ ਜੀ
ਡਾਇਰੈਕਟਰ
ਭਾਈ ਸਮੁੰਦ ਸਿੰਘ ਸੰਗੀਤ ਅਕਾਡਮੀ ਲੁਧਿਆਣਾ

## [ਰਾਗੁ ਧਨਾਸਰੀ ਦਾ ਪ੍ਰੀਚੈ ਤੇ ਬੰਦਸ਼ ਦੀ ਸਵਰ ਲਿਪੀ]

ਥਾਟ—ਕਾਫੀ

ਸਵਰ—ਗ, ਨੀ ਕੋਮਲ ਹੋਰ ਸਾਰੇ ਸ਼ੁਧ

ਵਰਜਤ ਸਵਰ—ਆਰੋਹ ਵਿਚ ਰਿਸਭ ਤੇ ਧੈਵਤ

ਜਾਤੀ—ਆੜਵ ਸੰਪੂਰਨ

ਵਾਦੀ—ਪ—ਸੰਬਾਦੀ—ਸ

ਗਾਇਣ ਸਮਾਂ—ਦਿਨ ਦਾ ਤੀਜਾ ਪਹਿਰ

ਆਰੋਹ—ਸ ਗੁ ਧਪ ਨੁ ਸ

ਅਵਰੋਹ—ਸਂ ਨੁ ਧਪ, ਮਪ ਗੁ ਰਸ

ਮੁਖ ਅੰਸ਼—ਸ, ਨੁ,ਸਾ, ਗੁ ਮਪ, ਨੁ ਧਪ, ਮਪਗੁ, ਰਸ।

### ਅਸਥਾਈ (ਤਿੰਨ ਤਾਲ)

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
| | | | | | | | | | | | | ਨੁ. | ਸ | ਗੁ | ਮ |
| | | | | | | | | | | | | ਕਾ | s | ਹੇ | s |
| ਧ | - | ਮ | ਪ | ਗੁ | - | ਰ | ਸ | ਗੁ | - | ਰ | ਸ | ਨੁ. | ਨੁ. | ਸ | ਸ |
| ਰ | s | ਬ | ਨ | ਖੋਂ | s | ਜ | ਨ | ਜਾ | s | ਈ | s | ਸ | ਰ | ਬ | ਨਿ |
| ਗੁ | - | ਰ | ਸ | ਸ | - | ਗੁ | ਮ | ਪ | ਨੁ | ਧ | ਪ | ਪ | ਨੁ | ਸਂ | - |
| ਵਾ | s | ਸੀ | s | ਸ | s | ਦਾ | ਅ | ਲੇ | s | ਪਾ | s | ਤੋਂ | s | ਹੀ | s |
| ਨੁ | ਧ | ਧ | ਪ | ਗੁ | ਮ | ਪ | ਮ | ਗੁਮ | ਪਮ | ਗੁ | ਰਸ | | | | |
| ਸੰ | s | ਗਿ | ਸ | ਮਾ | s | s | s | ਈs | ss | ss | ss | | | | |

## ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | | ਪ | - | ਗੁ | ਮ |
| | | | | | | | | | | | | ਪੁ | s | ਹ | ਪ |
| ਪ ਨੁ ਸਂ ਸਂ | ਪ | ਨੁ | ਸਂ | ਗੁਂ | ਰਂ | ਰ | ਸਂ | - | ਪ | ਨੁ | ਸਂ | - | | | |
| ਮ ਧਿ ਜਿ ਓ | ਬਾ | s | ਸੁ | ਬ | ਸ | ਤ | ਹੈ | s | ਮੁ | ਕ | ਰ | s | | | |
| ਨੁ ਧ ਪ ਪ | ਗੁ | ਮ | ਪ | - | ਗੁ ਮਪਂ ਮਗੁ ਰਸ | | | | | | | | | | |
| ਮਾ ਹਿ ਜੈ ਸੇ | ਛਾ | s | s | s | ਈs ss ss ss | | | | | | | | | | |
| X | 2 | | | | 0 | | | | 3 | | | | | | |

ਨੋਟ :—ਬਾਕੀ ਅੰਤਰੇ ਵੀ ਇਸੇ ਤਰ੍ਹਾਂ ਗਾਏ ਜਾਣ ।

੧ਓ ਸਤਿਗੁਰ ਪ੍ਰਸਾਦਿ ॥

ਧਨਾਸਰੀ ਮਹਲਾ ੯ ॥

ਕਾਹੇ ਰੇ ਬਨ ਖੋਜਨ ਜਾਈ ॥

ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥ ੧ ॥ ਰਹਾਉ ॥

ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥

ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥ ੧ ॥

ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥

ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥ ੨ ॥ ੧ ॥

There is but One God. By True Guru's grace, is He obtained.

Dhanasri 9th Guru.

Why goest thou, O man, to search God in the forest ?

God, though ever detached, dwells every where and abides even with thee. Pause.

As fragrance abides in the flower and as reflection in the mirror, so dwells God within thee, search thou Him within thy heart, O brother.

Within and without, know that there is but Lord. This is the understanding the Guru has imparted unto me.

Without knowing one's-self, O slave Nanak, the moss of doubt is removed not.

ਵਾਹਿਗੁਰੂ ਕੇਵਲ ਇਕ ਹੈ। ਸਚੇ ਗੁਰਾਂ ਦੀ ਰਹਿਮਤ ਸਦਕਾ ਉਹ ਪ੍ਰਾਪਤ ਹੁੰਦਾ ਹੈ।

ਧਨਾਸਰੀ ਨੌਵੀਂ ਪਾਤਿਸ਼ਾਹੀ।

ਤੂੰ ਕਿਉਂ ਹੇ ਬੰਦੇ! ਰਬ ਨੂੰ ਲਭਣ ਲਈ ਜੰਗਲ ਵਿਚ ਜਾਂਦਾ ਹੈ?

ਹਮੇਸ਼ਾ ਹੀ ਨਿਰਲੇਪ ਵਾਹਿਗੁਰੂ ਹਰ ਥਾਂ ਵਿਆਪਕ ਹੈ ਅਤੇ ਤੇਰ ਨਾਲ ਭੀ ਵਸਦਾ ਹੈ। ਠਹਿਰਾਉ।

ਜਿਸ ਤਰ੍ਹਾਂ ਫੁਲ ਵਿਚ ਸੁਗੰਧੀ ਵਸਦੀ ਹੈ ਅਤੇ ਜਿਕੁਰ ਸ਼ੀਸ਼ੇ ਵਿਚ ਪ੍ਰਤਿਬਿੰਬ ਏਸੇ ਹੀ ਤਰ੍ਹਾਂ ਵਾਹਿਗੁਰੂ ਤੇਰੇ ਅੰਦਰ ਹੈ। ਉਸ ਨੂੰ ਆਪਣੇ ਦਿਲ ਅੰਦਰੋਂ ਹੀ ਭਾਲ, ਹੇ ਵੀਰ।

ਅੰਦਰ ਅਤੇ ਬਾਹਰ ਜਾਣ ਲੈ ਕਿ ਇਕੱਲਾ ਪ੍ਰਭੂ ਹੀ ਹੈ। ਇਹ ਗਿਆਤ ਗੁਰਾਂ ਨੇ ਮੈਨੂੰ ਦਰਸਾਈ ਹੈ।

ਬਗੈਰ ਆਪਣੇ ਆਪ ਨੂੰ ਜਾਨਣ ਦੇ, ਹੇ ਗੋਲੇ ਨਾਨਕ! ਸੰਦੇਹ ਹੀ ਮੈਲ ਦੂਰ ਦੂਰ ਨਹੀਂ ਹੁੰਦੀ।

# ਕੀਰਤਨ ਨੂੰ ਸਮਰਪਿਤ ਬੀਬੀ ਜਸਬੀਰ ਕੌਰ ਖਾਲਸਾ

ਇਹ ਇਕ ਆਮ ਰਾਏ ਹੈ ਕਿ ਗੁਰਬਾਣੀ ਦਾ ਕੀਰਤਨ ਕਰਨ ਵਿਚ ਜੋ ਰਸ, ਇਕਸੁਰਤਾ ਲੀਨਤਾ ਤੇ ਸੰਗਤਾਂ ਨੂੰ ਕੀਰਤਨ ਦੇ ਆਨੰਦ ਵਿਚ ਬੰਨ੍ਹ ਸਕਣ ਦੀ ਸਮਰੱਥਾ ਪੁਰਸ਼ ਦੀ ਆਵਾਜ਼ ਹੈ ਉਹ ਔਰਤ ਦੀ ਆਵਾਜ਼ ਵਿਚ ਨਹੀਂ। ਇਸ ਕਰ ਕੇ ਤੇ ਕੁਝ ਸਮਾਜਕ ਕਾਰਨਾਂ ਕਰ ਕੇ ਵੀ ਪਿਛਲੇ ਅਰਸੇ ਦੌਰਾਨ ਬੀਬੀਆਂ ਦਾ ਕੋਈ ਵੀ ਕੀਰਤਨੀ ਜਥਾ ਉਭਰ ਨਹੀਂ ਸਕਿਆ। ਭਾਵੇਂ ਇਕੱਲੇ ਤੌਰ 'ਤੇ ਬੀਬੀ ਅਜੀਤ ਕੌਰ ਤੇ ਨੀਲਮ ਸਾਹਨੀ ਆਦਿ ਜਿਨ੍ਹਾਂ ਨੂੰ ਸੰਗੀਤ ਵਿਚ ਚੋਖੀ ਪ੍ਰਤਿਭਾ ਵੀ ਹਾਸਲ ਹੈ, ਕਈ ਸਾਲਾਂ ਤੋਂ ਗੁਰਬਾਣੀ ਗਾਇਨ ਕਰ ਰਹੀਆਂ ਹਨ। ਪਿਛਲੇ ਕੁਝ ਸਾਲਾਂ ਤੋਂ ਸਿਰਫ ਬੀਬੀ ਬਲਜੀਤ ਕੌਰ ਖਾਲਸਾ ਤਲਵਾੜੇ ਵਾਲਿਆਂ ਨੇ ਜਥੇ ਦੇ ਰੂਪ ਵਿਚ ਸਿੱਖ ਜਗਤ ਵਿਚ ਆਪਣਾ ਵਿਸ਼ੇਸ਼ ਸਥਾਨ ਬਣਾਇਆ ਹੈ।

ਇਸ ਸ਼ੁਰੂਆਤ ਨੂੰ ਅੱਗੇ ਤੋਰਦਿਆਂ ਬਾਬਾ ਅੱਛਰ ਸਿੰਘ ਗੜ੍ਹਸ਼ੰਕਰ ਵਾਲਿਆਂ ਦੇ ਡੇਰੇ ਤੋਂ ਇਕ ਹੋਰ ਬੀਬੀਆਂ ਦਾ ਜਥਾ ਸਿੱਖ ਕੌਮ ਸਾਹਮਣੇ ਆ ਰਿਹਾ ਹੈ। ਉਮੀਦ ਹੈ ਕਿ ਜਿਸ ਲਗਨ ਤੇ ਮਿਹਨਤ ਨਾਲ ਇਹ ਬੀਬੀਆਂ ਕੀਰਤਨ ਦੀ ਸੇਵਾ ਕਰ ਰਹੀਆਂ ਹਨ ਇਕ ਦਿਨ ਆਪਣਾ ਨਿਵੇਕਲਾ ਸਥਾਨ ਬਣਾ ਲੈਣਗੀਆਂ। ਇਹ ਜਥਾ ਹੈ ਬੀਬੀ ਜਸਬੀਰ ਕੌਰ ਖਾਲਸਾ ਦਾ। ਇਨ੍ਹਾਂ ਦੀਆਂ ਭੈਣਾਂ ਬੀਬੀ ਸ਼ਮਿੰਦਰ ਕੌਰ ਖਾਲਸਾ ਤੇ ਬੀਬੀ ਹਰਪ੍ਰੀਤ ਕੌਰ ਖਾਲਸਾ ਇਨ੍ਹਾਂ ਨਾਲ ਸੰਗਤ ਕਰਦੀਆਂ ਹਨ। ਇਨ੍ਹਾਂ ਨੂੰ ਇਸ ਪਾਸੇ ਲਾਉਣ ਵਿਚ ਡੇਰੇ ਦੇ ਮਾਹੌਲ ਅਤੇ ਇਨ੍ਹਾਂ ਦੇ ਪਿਤਾ ਸ੍ਰੀ ਗੁਰਮਖ ਸਿੰਘ ਦਾ ਵਿਸ਼ੇਸ਼ ਯੋਗਦਾਨ ਹੈ। ਇਨ੍ਹਾਂ ਬੀਬੀਆਂ ਦੀ ਮਿਹਨਤ ਦਾ ਹੀ ਸਿੱਟਾ ਹੈ ਕਿ ਤਿੰਨ ਕੁ ਵਰ੍ਹੇ ਪਹਿਲਾਂ ਜਦੋਂ ਵੱਡੀ ਭੈਣ ਜਸਬੀਰ ਕੌਰ ਖਾਲਸਾ ਹਾਲੇ ਨੌਵੀਂ ਜਮਾਤ ਵਿਚ ਹੀ ਸੀ ਕਿ ਇਨ੍ਹਾਂ ਦੇ ਕੀਰਤਨ ਦੀ ਪਹਿਲੀ ਆਡੀਓ ਕੈਸੇਟ 'ਦੁਖ ਭੰਜਨ ਤੇਰਾ ਨਾਮ' ਰਿਲੀਜ਼ ਕੀਤੀ ਗਈ। ਟੀ. ਸੀਰੀਜ਼ ਵਾਲਿਆਂ ਨੇ ਇਨ੍ਹਾਂ ਦੀ ਆਵਾਜ਼ ਵਿਚ 'ਗੁਰ ਅਰਜਨ ਵਿਟਹੁ ਕੁਰਬਾਣੀ' ਮਾਰਕੀਟ ਵਿਚ ਪੇਸ਼ ਕੀਤੀ। ਫਿਰ 'ਆਓ ਸਖੀ ਹਰਿ ਮੇਲ' ਕੱਢੀ। ਹੁਣ ਚੌਥੀ ਕੈਸੇਟ ਰਿਕਾਰਡ ਹੋ ਚੁੱਕੀ ਹੈ ਤੇ ਮਾਰਕੀਟ ਵਿਚ ਆਉਣ ਵਾਲੀ ਹੈ।

ਇਹ ਕੀਰਤਨੀ ਜਥਾ ਬਾਬਾ ਅੱਛਰ ਸਿੰਘ ਦੇ ਡੇਰੇ 'ਤੇ ਹਰ ਰੋਜ਼ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਕਰਦਾ ਹੈ। ਸ਼ਾਮ ਦੇ ਦੀਵਾਨ ਦੀ ਹਾਜ਼ਰੀ ਵੀ ਭਰਦਾ ਹੈ। ਹਰ ਹਫਤੇ ਦੇ ਵੀਰਵਾਰ ਮਾਤਾ ਸਾਹਿਬ ਕੌਰ ਸਤਿਸੰਗ ਵਿਚ ਦੁਪਹਿਰੇ ਕੀਰਤਨ ਕਰਨ ਤੋਂ ਇਲਾਵਾ ਸ੍ਰੀ ਗੁਰੂ ਅਰਜਨ ਦੇਵ ਜੀ ਵਿਦਿਆਲਾ ਵਿਚ ਬੱਚਿਆਂ ਨੂੰ ਮੁਫਤ ਕੀਰਤਨ ਸਿਖਾਣ ਵਿਚ ਵੀ ਹਿੱਸਾ ਪਾਉਂਦਾ ਹੈ। ਬੀਬੀ ਜਸਬੀਰ ਕੌਰ ਖਾਲਸਾ ਬੱਬਰ ਅਕਾਲੀ ਮੈਮੋਰੀਅਲ ਖਾਲਸਾ ਕਾਲਜ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੀ ਮੀਤ ਪ੍ਰਧਾਨ ਹੈ ਤੇ ਹਰਪ੍ਰੀਤ ਕੌਰ ਮੈਂਬਰ ਹੈ। ਆਸ ਹੈ ਇਹ ਤਿੰਨੇ ਭੈਣਾਂ ਕੀਰਤਨ ਰਾਹੀਂ ਕੌਮ ਦੀ ਸੇਵਾ ਕਰਦੀਆਂ ਰਹਿਣਗੀਆਂ ਤੇ ਭਗਤੀ ਸੰਗੀਤ ਦੇ ਮੁੱਢਲੇ ਵਿਰਸੇ ਨਾਲ ਜੁੜੀ ਰੱਖਣਗੀਆਂ।

**ਸ਼ੁੱਕਰ ਸਿੰਘ**